# ਅੰਮ੍ਰਿਤ ਕੀਰਤਨ

ਦਸੰਬਰ 2008

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

If yesterday didn't end up the way you planned,
just remember
God created today for you
to start planning again.

▲▲▲▲▲▲▲

A man must be big enough to admit his mistake,
smart enough to profit from them,
and strong enough to correct them.

▲▲▲▲▲▲▲

The unreachable becomes reachable,
the unavailable becomes available,
the unattainable .... attainable.
Have patience, wait it out.
Life's all about timing.

▲▲▲▲▲▲▲

People will always throw stones in your path.
Now it depends on you, what you make from it
- wall or bridge.
Remember, you are the architect of you life.

**PAGE SPONSORED BY : AHUJA FAMILY**
C-353, Defence Colony New Delhi 110 024

# ੴ ਅੰਮ੍ਰਿਤ ਕੀਰਤਨ

**ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ**

ਅੰਕ 12 □ ਸਾਲ ਵੀਹਵਾਂ □ ਦਸੰਬਰ 2008



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012



**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

**ਫੋਨ** : 0172-2772660, 098140 53630

e-mail: drjagirsingh@gmail.com

Website: www.gurshabad.com



Computer Type Setting
sohal specials Phone: 98788 23351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


**ਮਿਤ੍ਰ ਅਸਾਡੜੇ ਸੇਈ** 4
*ਪਾਠਕਾਂ ਦੇ ਪੱਤਰ*

**ਕਰਉ ਬੇਨੰਤੀਆ** 6
*ਸੰਪਾਦਕੀ*

**ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ** 7
*ਡਾ. ਜਾਗੀਰ ਸਿੰਘ*

**ਕਲਜੁਗ ਮਹਿ ਕੀਰਤਨ ਪ੍ਰਧਾਨਾ** 18
*ਅਮਰਜੀਤ ਸਿੰਘ ਗਰੇਵਾਲ*

**ਪੁਸਤਕ ਸਮੀਖਿਆ** 21
*ਜਸਪ੍ਰੀਤ ਸਿੰਘ ਜਗਰਾਉਂ*

**RATNA ROY SHINES IN KIRTAN** 22

**EFFECTIVE TIME MANAGEMENT** 23
*Sumeet Kaur*

**ਸੁਰ ਲਿਪੀ** 25
**ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**
*ਹਰਦੀਪ ਕੌਰ*

# ਮਿਤ੍ਰ ਅਸਾਡੜੇ ਸੇਈ

 ਮੈਗਜ਼ੀਨ ਬਹੁਤ ਹੀ ਵਧੀਆ ਹੈ ਸੰਗੀਤ ਪ੍ਰੇਮੀਆਂ ਲਈ ਅਨਮੁੱਲੀ ਸੁਗਾਤ ਹੈ। ਤੁਸੀਂ ਨਵੇਂ ਅਤੇ ਪੁਰਾਤਨ ਰਾਗੀ ਸਿੰਘ ਅਤੇ ਸੰਗੀਤ ਦੀਆਂ ਮਹਾਨ ਸਖਸ਼ੀਅਤਾਂ ਬਾਰੇ ਜਾਣਕਾਰੀ ਅਤੇ ਸੰਗੀਤ ਦੀ ਨਵੀਂ ਬੰਦਸ਼ ਕਿਸੇ ਨਾ ਕਿਸੇ ਰਾਗ ਵਿਚ ਜਰੂਰ ਛਾਪਦੇ ਹੋ ਤੁਹਾਡਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਗੁਰਮਤਿ ਸੰਗੀਤ ਦਾ ਚਾਨਣ ਮੁਨਾਰਾ ਪ੍ਰੋ: ਕਰਤਾਰ ਸਿੰਘ ਬਾਰੇ ਲੇਖ ਵੱਲੋਂ ਸ. ਜਸਪ੍ਰੀਤ ਸਿੰਘ ਜਗਰਾਉਂ, ਪ੍ਰੋ. ਕਰਤਾਰ ਸਿੰਘ ਜੀ ਸੰਗੀਤ ਦੇ ਬਹੁਤ ਹੀ ਮਾਹਿਰ ਉਸਤਾਦ ਹਨ, ਵਾਦੀ ਸੁਰ ਦੀ ਵਿਸ਼ੇਸ਼ਤਾ ਤੇ ਰਾਗ ਦੇ ਗਾਇਣ ਦਾ ਸਮਾਂ ਲੇਖ ਵੱਲੋਂ ਨਰਿੰਦਰਪਾਲ ਸਿੰਘ ਜੀ, ਹਿੰਦੁਸਤਾਨੀ ਸੰਗੀਤ ਪੱਧਤੀ ਦੇ ਕੁਝ ਸਿਧਾਂਤ, ਡਾ. ਸੰਤੋਖ ਸਿੰਘ ਦਾ ਲੇਖ ਜੁਲਾਈ ਅੰਕ ਵਿਚੋਂ ਇਕ ਬੱਚੀ ਦੀ ਮਾਨਸਿਕ ਅਵਸਥਾ ਬਾਰੇ ਜਾਣਕਾਰੀ, ਡਾ. ਜਸਵੰਤ ਸਿੰਘ ਸਚਦੇਵਾ ਐਮ.ਡੀ. ਵੱਲੋਂ ਸਿੱਖ ਅਬੋਰਡ ਐਂਡ ਦਾ ਰਾਗੀਜ਼, ਬੀਬੀ ਹਰਦੀਪ ਕੌਰ ਵੱਲੋਂ ਰਾਗ ਭੈਰਉਂ ਵਿਚ ਇਕ ਤਾਲ ਦੀ ਬੰਦਸ਼ ਅਤੇ ਸ਼ਬਦ ਊਠਤ ਸੁਖੀਆ ਬੈਠਤ ਸੁਖੀਆ ਸ਼ਬਦ ਦੇ ਅਰਥ ਆਦਿਕ ਲੇਖ ਸਭ ਸਮੱਗਰੀ ਹੀ ਸ਼ਲਾਗਾਯੋਗ ਸੀ ਜੋ ਕਿ ਅਜੋਕੇ ਰਾਗੀ ਸਿੰਘ ਦਾ ਸਹੀ ਮਾਰਗ ਦਰਸ਼ਨ ਕਰਨ ਵਾਲੀ ਸੀ।

*ਐਮ.ਐਸ. ਸਚਦੇਵਾ ਇੰਡੀਅਨ ਮਿਊਜ਼ਿਕ ਅਕੈਡਮੀ*
*ਸੀ/ਓ ਸ਼ਿਵ ਭੋਲੇ ਸਾਊਂਡ ਸਰਵਿਸ*
*ਬੱਸ ਸਟੈਂਡ ਦੇ ਬੈਕ ਸਾਈਡ, ਅਬਹੋਰ ਜਿਲ੍ਹਾ ਫਿਰੋਜ਼ਪੁਰ*

 ਮੈਂ ਅੰਮ੍ਰਿਤ ਕੀਰਤਨ ਮਾਸਿਕ ਪੱਤਰ ਦਾ ਜੂਨ ਅੰਕ ਕਿਸੇ ਸੱਜਣ ਕੋਲ ਆਇਆ ਤਾਂ ਪੜ੍ਹਿਆ। ਪੜ੍ਹਕੇ ਬੜਾ ਅੱਛਾ ਲੱਗਾ ਸਾਰਾ ਹੀ ਮੈਟਰ। ਤੁਹਾਡੀ ਸੰਪਾਦਕੀ ਕਰਉ ਬੇਨੰਤੀਆਂ ਤਹਿਤ ਉਸਤਤਿ ਦੀ ਗੱਲ ਨੂੰ ਛੋਹਿਆ ਹੈ। ਕਰਤਾਰ ਸਿੰਘ ਨੀਲਧਾਰੀ ਹੁਰਾਂ ਨੇ ਵੀ ਗੁਰਬਾਣੀ ਦੇ ਹਵਾਲੇ ਨਾਲ ਪੰਥੀ ਬਿਰਖਿ ਸੁਹਾਵੜਾ ਸਿਰਲੇਖ ਤਹਿਤ ਬਾਰੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਜੋ ਕਾਬਿਲੇ ਗੌਰ ਤੇ ਕਾਬਿਲੇ ਤਾਰੀਫ਼ ਸਨ।

ਅਮਰਿੰਦਰ ਸਿੰਘ ਨੇ ਹਾਰਮੋਨੀਅਮ ਅਤੇ ਭਾਰਤੀ ਸੰਗੀਤ ਦੀ ਗੱਲ ਕੀਤੀ ਹੈ। ਜਿਸ ਨਾਲ ਸੰਗੀਤਕ ਜਾਣਕਾਰੀ ਮਿਲੀ ਹੈ।

ਕੁਲ ਮਿਲਾ ਕੇ ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ, ਤੁਹਾਡਾ ਚੰਗਾ ਉਪਰਾਲਾ ਹੈ। ਇਸ ਲਈ ਸਾਰੇ ਸੰਪਾਦਕੀ ਮੰਡਲ ਦੀ ਚੋਣ ਲਈ ਅਤੇ ਉਦਮ ਲਈ ਤੁਹਾਨੂੰ ਸਭ ਨੂੰ ਮੁਬਾਰਕ-ਬੰਦ ਹੋਏ। ਅੰਮ੍ਰਿਤ ਕੀਰਤਨ ਹਰ ਮਹੀਨੇ ਇਸ ਤਰ੍ਹਾਂ ਹੀ ਅੰਮ੍ਰਿਤ ਰੂਪੀ ਸ਼ਬਦਾਂ ਦੀ ਦਾਤ ਵੰਡਦਾ ਰਹੇ ਸਾਡੀ ਦੁਆ ਹੈ।

*ਸਨੇਹਇੰਦਰ ਮੀਲੂ*
*932/21 ਐਮ. ਕੇ. ਰੋਡ, ਖੰਨਾ-141401*

 Thank you for the November edition of the magazine newsletter. Indeed it is always great to read and always look forward for the next edition. Keep up the good work.

*Gurmesh Singh Sidhu, mesh28@gmail.com*

 There have been long drawn celebrations all over the world on the solemn occasion of 'Gur-ta-Gaddi'. Akhand Paaths, Nagar Kirtan Durbars have appropriately been part of the celebrations. Sri Guru Granth Sahib is 'Alma Mater' for all Sikhs, and for many more other than Sikhs (others). The celebrations at this large scale are in fitness of the occasion. One of the biggest congragations of Sikhs has just concluded at "Hazoor Sahib" (Nanded), where the actual ceremony of Gurta-Guddi took place 300 years ago.

Not with standing these large scale celebrations, we could have done bette, we had arranged to high light the university and, basic tenets of Sikh religion, as given in Sri Guru Granth Sahib, to others (other than Sikhs) all over the world. Ordinarily others (non Sikh people) do not know that

Sri Guru Granth Sahib contains and stands for. However everybody know that Sri Guru Granth Sahib as the 'living Guru of the Sikhs. We would have taken this opportunity to high light the fundamentals of the Gurbani as contained in the Holy Granth Sahib; like equal respect for all religions, (the bani of various Bhagat's shows that), universal brotherhood, humulity, spirituality without rituals etc.

SGPC/Gurudwara Parbandak Committee member or those in places should have hired one full page in each newspaper of the country which would have, quotes from Sri Guru Granth Sahib have continued daily for as long as a month. This would have resulted in, almost everybody of every religious denominations becoming knowledgeable given in the Holy Granth Sahib and the basic tenets and commandments given in the Holy Granth Sahib. The result would be larger number of people being aware of The Holi Sri Granth Sahib and its relevance to the modern would, at large. Over all the Panth would have benefited in a large measure.

This would have been a greater and more appropriate celebration fit for the occasion in addition to the rest of the celebrations. Kirtan, Kirtan Durbars, langers are all very good but we had the opportunity to 'out-reach' others, which would have had great benefit for the world at large and the Panth speciafically. I suppose similar opportunities in future could be availed off as suggested in here.

*Col. A.S. Rattan, # 228, Sector 16-A, Chandigarh*


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300




SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

## ਮਹਿਰਮ ਦਾ ਵਿਸ਼ੇਸ਼ ਅੰਕ

ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸੌ ਸਾਲਾ ਦਿਵਸ ਨੂੰ ਮਨਾਉਣ ਹਿਤ ਸੰਸਾਰ ਭਰ ਵਿੱਚ ਅਨੇਕਾਂ ਸਮਾਗਮ ਕੀਤੇ ਗਏ। ਉਪਰੋਂ ਉਪਰੋਂ ਵੇਖਦਿਆਂ ਜਾਪਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਇਹ ਮੌਕਾ ਜਿਵੇਂ ਵਿਖਾਵੇ ਦੇ ਪੱਧਰ ਉੱਤੇ ਹੀ ਮਨਾਇਆ ਜਾ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮਾਰੋਹਾਂ ਦਾ ਆਯੋਜਨ ਕਰਦਿਆਂ ਸੰਸਥਾਵਾਂ ਨੇ ਆਪਣੇ ਆਪਣੇ ਜਾਹੋ ਜਲਾਲ ਨੂੰ ਵਿਸ਼ੇਸ਼ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਹੈ। ਪਰ ਇਸ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਐਨ ਕਰਨ ਅਤੇ ਇਸ ਦਾ ਸੰਸਾਰ ਭਰ ਵਿੱਚ ਪ੍ਰਚਾਰ ਕਰਨ ਦੇ ਵੀ ਉਪਰਾਲੇ ਕੀਤੇ ਗਏ ਹਨ। ਹਰ ਸੰਸਥਾ ਨੇ ਅਤੇ ਵਿਅਕਤੀ ਨੇ ਗੁਰੂ ਗਂਥ ਸਾਹਿਬ ਪ੍ਰਤੀ ਆਪਣਾ ਸਤਿਕਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਅਜਿਹਾ ਹੀ ਇੱਕ ਜਤਨ ਮਹਿਰਮ ਪਬਲੀਕੇਸ਼ਨ ਨੇ ਆਪਣੇ ਮਾਸਿਕ ਪੱਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਭਿੰਨ ਭਿੰਨ ਪੱਖਾਂ ਨੂੰ ਉਜਾਗਰ ਕਰਦਾ ਬਹੁ ਰੰਗੇ ਚਿਤਰਾਂ ਨਾਲ ਭਰਪੂਰ ਪ੍ਰਕਾਸ਼ਨ ਕਰਕੇ ਆਪਣੀ ਅਕੀਦਤ ਪੇਸ਼ ਕੀਤੀ ਹੈ।

ਬਹੁਤ ਵਧੀਆ ਕਾਗਜ਼ ਉੱਤੇ ਛਪੇ ਇਸ ਅੰਕ ਵਿੱਚ ਵੀਹ ਵਿਦਵਾਨਾਂ ਦੇ ਲੇਖ ਅਤੇ ਕਵਿਤਾਵਾਂ ਛਾਪੀਆਂ ਗਈਆਂ ਹਨ। ਇਸ ਅੰਕ ਦੇ ਤਤਕਰੇ ਤੇ ਝਾਤ ਮਾਰਿਆਂ- ਗੁਰੂ ਗੋਬਿੰਦ ਸਿੰਘ ਬਾਣੀ ਤੇ ਬਾਣੀ ਗੁਰੂ ਗ੍ਰੰਥ ਸਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮਕਾਲੀ ਇਤਿਹਾਸ ਦੇ ਪ੍ਰਸੰਗ, ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ, ਅੰਧ-ਵਿਸ਼ਵਾਸ, ਕਰਮਕਾਂਡ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਓਸ਼ੋ ਇਕ ਓਂਕਾਰ ਸਤਿਨਾਮ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਾਰਕਸਵਾਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਤੇ ਵਿਆਖਿਆ ਪਰਿਪੇਖ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਪਵਿੱਤਰ ਧਾਰਮਿਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਣਿਤ ਸਾਜ਼, ਦਲਿਤ ਚੇਤਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ-ਸੰਸਕ੍ਰਿਤੀ ਦਾ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਮਹੱਤਵ, ਸ੍ਰੀ ਗੁਰੂ ਗ੍ਰੰਥ ਸਹਿਬ ਦੀਆਂ ਹੱਥ ਲਿਖਤ ਬੀੜਾਂ ਦਾ ਇਤਿਹਾਸ ਗੁਰਮਤਿ ਤੇ ਦੇਹਧਾਰੀ ਗੁਰੂ-ਡੰਮ੍ਹ - ਆਦਿ ਸਿਰਲੇਖ ਇਸ ਅੰਕ ਨੂੰ ਪੜ੍ਹਨ ਲਈ ਪ੍ਰੇਰਦੇ ਹਨ। ਢੁਕਵੀਆਂ ਭਾਵਪੂਰਤ ਤਸਵੀਰਾਂ ਅਤੇ ਸਾਰਥਕ ਸਮੱਗਰੀ ਕਾਰਨ ਇਹ ਅੰਕ ਇਕ ਸੰਭਾਲਣਯੋਗ ਅੰਕ ਬਣ ਗਿਆ ਹੈ।

ਬੀ ਐਸ਼ ਬੀਰ ਜੋ ਇਸ ਮਾਸਿਕ ਪੱਤਰ ਦੇ ਐਡੀਟਰ-ਇਨ-ਚੀਫ ਹਨ ਇਸ ਵਿਸ਼ੇਸ਼ ਅੰਕ ਦੀ ਲੇਅ-ਆਊਟ, ਛਪਾਈ, ਚਿਤਰਾਂ ਦੀ ਚੋਣ ਅਤੇ ਉਹਨਾਂ ਦੀ ਪੇਸ਼ਕਾਰੀ ਸਮੇਂ ਜਿਸ ਲਗਨ ਅਤੇ ਸ਼ਰਧਾ ਨਾਲ ਕਾਰਜ ਕੀਤਾ ਹੈ, ਉਸ ਅੱਗੇ ਨਤਮਸਤਕ ਹੋਣ ਨੂੰ ਦਿਲ ਕਰਦਾ ਹੈ। ਇਸ ਵਧੀਆ ਅੰਕ ਲਈ ਬੀਰ ਜੀ ਅਤੇ ਮਹਰਿਮ ਦੀ ਸਾਰੀ ਟੀਮ ਵਧਾਈ ਦੀ ਪਾਤਰ ਹੈ।.....

# ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਜਿਸ ਆਦਰਸ਼ਕ ਮਨੁੱਖ ਦਾ ਸੰਕਲਪ ਪੇਸ਼ ਕੀਤਾ ਗਿਆ ਉਸ ਦੀ ਸ਼ਖਸੀਅਤ ਉਚੇਰੇ ਗੁਣਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ। ਉਸ ਵਿੱਚ ਨੈਤਿਕ ਗੁਣ ਤਾਂ ਹੋਣਗੇ ਹੀ ਪਰ ਉਸ ਨੂੰ ਕੋਮਲ ਕਲਾਵਾਂ ਦਾ ਅਨੰਦ ਮਾਣਨ ਦੀ ਰੁਚੀ ਵੀ ਹੋਵੇ। ਜਿਹੜੇ ਮਨੁੱਖ ਰਾਗ ਅਤੇ ਕਾਵਿ ਕਲਾ ਤੋਂ ਵਿਹੂਣੇ ਹਨ ਉਹਨਾਂ ਬਾਰੇ ਗੁਰੂ ਨਾਨਕ ਦੇਵ ਜੀ ਸਾਰੰਗ ਦੀ ਵਾਰ ਵਿੱਚ ਉਚਾਰਦੇ ਹਨ-

*ਇਕਨਾ ਨਾਦੁ ਨ ਬੇਦੁ ਨ ਗੀਅ ਰਸੁ*
*ਰਸੁ ਕਸੁ ਨ ਜਾਣੰਤਿ॥*
*ਇਕਨਾ ਸਿਧਿ ਨ ਬੁਧਿ ਨ ਅਕਲਿ ਸਰ*
*ਅਖਰ ਕਾ ਭੇਉ ਨ ਲਹੰਤਿ॥*
*ਨਾਨਕ ਤੇ ਨਰ ਅਸਲਿ ਖਰ*
*ਜਿ ਬਿਨੁ ਗੁਣ ਗਰਬੁ ਕਰੰਤ॥*

(ਸਲੋਕ ਮਹਲਾ ੧, ਪੰਨਾ 1246)

ਇਸੇ ਤਰ੍ਹਾਂ ਗੁਰਬਾਣੀ ਵਿੱਚ ਅਧਿਆਤਮਕ ਤੌਰ ਤੇ ਆਦਰਸ਼ਕ ਮਨੁੱਖ ਨੂੰ ਸਚਿਆਰ ਆਖਿਆ ਗਿਆ ਹੈ। ਜਪੁ ਜੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁਖ ਬਾਣੀ ਹੈ। ਇਸ ਵਿੱਚ ਗੁਰਬਾਣੀ ਦੇ ਲਗੱਭਗ ਸਾਰੇ ਸੰਕਲਪਾਂ ਦੀ ਝਲਕ ਮਿਲ ਜਾਂਦੀ ਹੈ। ਇਸ ਬਾਣੀ ਵਿੱਚ ਮਨੁੱਖੀ ਜੀਵਨ ਦਾ ਮਨੋਰਥ ਸਚਿਆਰਾ ਬਣਨਾ ਦੱਸਿਆ ਹੈ। ਸਚਿਆਰਾ ਬਣਨ ਲਈ ਹੁਕਮ ਅਨੁਸਾਰ ਚੱਲਣ ਦੀ ਸ਼ਰਤ ਲਗਾਈ ਹੈ। ਹੁਕਮ ਅਨੁਸਾਰ ਚੱਲਣ ਲਈ ਹੁਕਮ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਹੁਕਮ ਨੂੰ ਜਾਣਨ ਲਈ ਹੁਕਮ ਦੇ ਮਾਲਕ ਪਰਮੇਸ਼ਰ ਦਾ ਜਸ ਗਾਇਨ ਕੀਤਾ ਜਾਂਦਾ ਹੈ ਇਸ ਬਾਰੇ ਜਪੁਜੀ ਵਿੱਚ ਸਪਸ਼ਟ ਕੀਤਾ ਗਿਆ ਹੈ-

*ਕਿਵ ਸਚਿਆਰਾ ਹੋਈਐ*
*ਕਿਵਿ ਕੂੜੈ ਤੁਟੈ ਪਾਲ॥*
*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥*
*ਅਤੇ ਫਿਰ ਕਿਹਾ ਹੈ:*
*ਨਾਨਕ ਹੁਕਮੈ ਜੇ ਬੁਝੈ*
*ਤ ਹਉਮੈ ਕਹੈ ਨ ਕੋਇ॥* (ਜਪੁ ਜੀ, ਪੰਨਾ 1)

ਹੁਕਮ ਨੂੰ ਬੁਝਣ ਲਈ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਸਾਧਨ ਦੱਸਿਆ ਹੈ :

*ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥*
*ਗਾਵੈ ਕੋ ਦਾਤਿ ਜਾਣੈ ਨੀਸਾਣੁ॥*
——————
*ਜਿਨਿ ਸੇਵਿਆ ਤਿਨਿ ਪਾਇਆ ਮਾਨੁ॥*
——
*ਨਾਨਕ ਗਾਵੀਐ ਗੁਣੀ ਨਿਧਾਨੁ॥*

(ਜਪੁ ਜੀ , ਪੰਨਾ 1-2)

ਸੋਦਰ ਵਾਲੀ ਪਉੜੀ ਵਿੱਚ ਬ੍ਰਹਿਮੰਡੀ ਕੀਰਤਨ ਅਰਥਾਤ ਕੁਦਰਤ ਦੇ ਸੰਗੀਤ ਦੀ ਤਸਵੀਰ ਖਿੱਚੀ ਹੋਈ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ ਗਾਇਨ ਕਰਨ ਵਾਲਿਆਂ ਦਾ ਵਰਣਨ ਅਦੁੱਤੀ ਹੈ। ਇਥੇ ਚਿਤਰ-ਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕਾ ਮੰਡਲ ਅਤੇ ਸਮੁਚਾ ਬ੍ਰਹਿਮੰਡ, ਸਮੁੱਚੀ ਸ੍ਰਿਸ਼ਟੀ ਗਾ ਰਹੀ ਹੈ

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ*
*ਕੇਤੇ ਵਾਵਣਹਾਰੇ ॥*
*ਕੇਤੇ ਰਾਗ ਪਰੀ ਸਿਉ ਕਹੀਅਨਿ*
*ਕੇਤੇ ਗਾਵਣ ਹਾਰੇ॥— ॥*

ਅੰਤ ਵਿੱਚ ਆਖਦੇ ਹਨ ਕਿ ਕਿਤਨੇ ਗਾ ਰਹੇ ਹਨ ਮੇਰੇ ਚੇਤੇ ਵਿੱਚ ਨਹੀਂ ਆਉਂਦੇ-

*ਹੋਰ ਕੇਤੇ ਗਾਵਨ ਸੇ ਮੈ ਚਿਤਿ ਨ ਆਵਨੋ*

*ਨਾਨਕ ਕਿਆ ਵੀਚਾਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)

ਗੁਰੂ ਸਾਹਿਬਾਨ ਨੇ ਕੀਰਤਨ ਦਾ ਪ੍ਰਯੋਗ ਸੁਚੇਤ ਰੂਪ ਵਿੱਚ ਕੀਤਾ ਹੈ। ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮੱਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜ਼ਬੂਰੀ ਹੈ ਕਿ ਇਹ ਉਸ ਸਰੋਤੇ ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਏ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ। ਇਹ ਨਾਦ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ। 1

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ। ਉਹਨਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ। 2

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮ ਹਨ ਸ਼ਕਤੀ ਸਦਕਾ ਉਸ ਨਾਦ-ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ। 3 ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ। 4 ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ। 5 ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ। 6

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, ਉਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। 7 ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਓਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ8 ਹੈ। ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਹਨਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।9

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, ਉਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ। 10 ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, ਉਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪਰਭਾਵ ਨੂੰ ਤੀਖਣ ਕਰਦਾ ਹੈ। 11

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ, ਪਰ ਸ਼੍ਰੇਸ਼ਟ ਕਾਵਿ ਵਿੱਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਹੈ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ

ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹ ਗਤੀ ਛੰਦ ਪਦਤੀ ਰਾਹੀਂ ਪ੍ਰਗਟ ਹੁੰਦੀ ਹੈ। 12 ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲ-ਬਾਤ ਵਿੱਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, ਉਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ-ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।13 ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗ ਹੈ, ਉਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਸਨੂੰ ਅਸੀਮ ਕਰ ਦਿੰਦਾ ਹੈ। 14 ਇਸੇ ਲਈ ਡਾ ਉਮਾ ਮਿਸ਼ਰ ਨੇ ਕਿਹਾ ਹੈ, ਉਕਵਿਤਾ ਜਦੋਂ ਤਕ ਗਾਈ ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ। 15

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਹਨਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸਦਾ ਜੋ ਅਸਰ ਹੋਇਆ ਉਸ ਸੰਬਧੀ ਭਾਈ ਵੀਰ ਸਿੰਘ ਜੀ16 ਦਾ ਕਥਨ ਹੈ, ਉਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨ ਅੜੋਪਲ ਤੇ ਤਾਂ ਰੰਗ ਰਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆਂ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਭੁਲ੍ਹ-ਭੁਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਹਨਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :

*ਓਰਾ ਗਰਿ ਪਾਨੀ ਭਇਆ*
*ਜਾਇ ਮਿਲਿਓ ਢਲਿ ਕੂਲਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)

ਕੀਰਤਨ ਦੀ ਮਹਿਮਾਂ ਬਾਰੇ ਗੁਰਬਾਣੀ ਵਿੱਚ ਅਨੇਕਾਂ ਕਥਨ ਦਰਸਾਉਂਦੇ ਹਨ ਕਿ ਗੁਰੂ ਸਾਹਿਬਾਨ ਕੀਰਤਨ ਅਰਥਾਤ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਬਹੁਤ ਪ੍ਰਭਾਵਸ਼ਾਲੀ ਸਮਝਦੇ ਸਨ।

*ਕਲਿਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

*ਕੀਰਤਨੁ ਨਿਰਮੋਲਕ ਹੀਰਾ॥*
*ਆਨੰਦ ਗੁਣੀ ਗਹੀਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)

ਗੁਰੂ ਸਾਹਿਬ ਉਸ ਸਥਾਨ ਦੀ ਭਾਲ ਕਰਦੇ ਹਨ ਜਿਥੇ ਕੀਰਤਨ ਹੁੰਦਾ ਹੈ-

*ਸੋ ਅਸਥਾਨ ਬਤਾਵਹੁ ਮੀਤਾ॥*
*ਜਾਕੈ ਹਰਿ ਹਰਿ ਕੀਰਤਨ ਨੀਤਾ॥*

(ਪੰਨਾ 385)

*ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥*
*ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

*ਜਾਗਨਾ ਜਾਗਨੁ ਨੀਕਾ*
*ਹਰਿ ਕੀਰਤਨ ਮਹਿ ਜਾਗਨਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)

*ਜੈਸੋ ਗੁਰਿ ਉਪਦੇਸਿਆ*
*ਮੈ ਤੈਸੋ ਕਹਿਆ ਪੁਕਾਰਿ॥*
*ਨਾਨਕ ਕਹੈ ਸੁਨਿ ਰੇ ਮਨਾ*
*ਕਰਿ ਕੀਰਤਨ ਹੋਇ ਉਧਾਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 214)

*ਮਨ ਮਹਿ ਚਿਤਵਉ ਚਿਤਵਨੀ*
*ਉਦਮੁ ਕਰਹੁ ਉਠ ਨੀਤ॥*
*ਹਰਿ ਕੀਰਤਨ ਕਾ ਆਹਰੋ*
*ਹਰਿ ਦੇਹੁ ਨਾਨਕ ਕੇ ਮੀਤ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)

*ਗ੍ਰਿਹਿ ਤਾ ਕੇ ਬਸੰਤੁ ਗਨੀ॥*
*ਜਾ ਕੇ ਕੀਰਤਨੁ ਹਰਿ ਧੁਨੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

*ਹਰਿ ਦਿਨੁ ਰੈਣਿ ਕੀਰਤਨੁ ਗਾਈਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ ਜਵਾਹਰ, ਮਾਣਕ ਹੀਰੇ ਮੋਤੀ ਨਾਲ ਤੁਲਨਾ ਦਿੱਤੀ ਗਈ ਹੈ:

*ਗੁਰ ਕੀ ਸੇਵਾ ਮੁਕਤ ਪਰਾਇਣ*
*ਅਨਦਿਨ ਕੀਰਤਨ ਕੀਨਾ ਹੈ।*

——————————-

*ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ*
*ਮਨੁ ਤਨੁ ਭੀਨਾ ਹੇ॥*

(ਮਾਰੂ ਸੋਲਹੇ ਮਹਲਾ ੧, ਪੰਨਾ 1028)

ਹਰੀ ਦੇ ਗੁਣ ਗਾਇਨ ਕਰਨ ਅਰਥਾਤ ਕੀਰਤਨ ਵਿੱਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

*ਮਨੁ ਜੋਗੀ ਮਨੁ ਬਿਨਸਿ ਬਿਓਗੀ*
*ਮਨੁ ਸਮਝੈ ਗੁਣ ਗਾਈ॥*

(ਭੈਰਉ ਮਹਲਾ ੧, ਪੰਨਾ 1125)

*ਮਨ ਕਾ ਜੀਉ ਪਵਨਪਤਿ*
*ਦੇਹੀ ਦੇਹੀ ਮਹਿ ਦੇਉ ਸਮਾਗਾ॥*
*ਜੇ ਤੂ ਦੇਹਿ ਤ ਹਰਿ ਰਸੁ ਗਾਈ*
*ਮਨ ਤ੍ਰਿਪਤੈ ਹਰਿ ਲਿਵ ਲਾਗਾ॥*

(ਸੋਰਠ ਮਹਲਾ ੧ ਪੰਨਾ 598)

ਗਾਇਨ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਨ ਕਰਨ ਲਈ ਮਨ ਇਸ ਗਾਇਨ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

*ਮਨੁ ਦੇ ਲੀਆ ਰਹਸਿ ਗੁਣ ਗਾਈ॥*

(ਗਉੜੀ ਗੁਆਰੇਰੀ ਮਹਲਾ ੧,ਪੰਨਾ 221)

ਗਾਇਨ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ:

*ਜੈ ਘਰਿ ਕੀਰਤਿ ਆਖੀਐ*
*ਕਰਤੇ ਕਾ ਹੋਇ ਬੀਚਾਰ ॥*
*ਤਿਤੁ ਘਰਿ ਗਾਵਹੁ*
*ਸੋਹਿਲਾ ਸਿਵਰਹੁ ਸਿਰਜਣਹਾਰ ॥*
*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥*
*ਹਉ ਵਾਰੀ ਜਿਤੁ ਸੋਹਿਲੇ ਸਦਾ ਸੁਖੁ ਹੋਇ॥*

(ਗਉੜੀ ਪੂਰਬੀ ਦੀਪਕੀ ਮਹਲਾ ੧, ਪੰਨਾ 157)

ਹਰੀ ਦੇ ਗੁਣ ਗਾਇਨ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ:

*ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ॥*

(ਆਸਾ ਮਹਲਾ ੧, ਪੰਨਾ 422)

ਹਰੀ ਦੇ ਗੁਣ ਗਾਇਨ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾ:

*ਦੂਤ ਨ ਲਾਗਿ ਸਕੈ ਗੁਨ ਗਾਇ॥*

(ਆਸਾ ਮਹਲਾ ੧, ਪੰਨਾ 416)

*ਹਿਰਦੈ ਸਾਚੁ ਵਸੈ ਹਰਿ ਨਾਇ॥*
*ਕਾਲੁ ਨ ਜੋਹਿ ਸਕੈ ਗੁਣ ਗਾਇ॥*

(ਗਉੜੀ ਮਹਲਾ ੧, ਪੰਨਾ 227)

ਭਾਵ ਹਰੀ ਦੇ ਗੁਣ ਗਾਇਨ ਕਰਨ ਨਾਲ ਮਨੁੱਖ ਕਾਲ ਭਾਵ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈ।

*ਅਕੁਲ ਗਾਇ ਜਮ ਤੇ ਕਿਆ ਡਰੀਐ॥*

(ਮਾਰੂ ਮਹਲਾ ੧ ਪੰਨਾ 1040)

ਇਸ ਕਰਕੇ ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਪਰਮੇਸ਼ਰ ਦੇ ਗੁਣ ਗਾਇਨ ਕਰੇ। ਹਰੀ ਦਾ ਜਸ ਕਰਨ ਨਾਲ ਹੀ ਅਸਲ ਲਾਭ ਪ੍ਰਾਪਤ ਹੁੰਦਾ ਹੈ ਇਸ ਨਾਲ ਹੀ ਪਰਮੇਸ਼ਰ ਖੁਸ਼ ਹੁੰਦਾ ਹੈ:

*ਭਾਈ ਰੇ ਰਾਮ ਕਹੁ*
*ਚਿਤਿ ਲਾਇ॥*

*ਹਰਿ ਜਸੁ ਵਖਰੁ ਲੈ ਚਲਹੁ*
*ਸਹੁ ਦੇਖੈ ਪਤਿਆਇ॥*

(ਸਿਰੀ ਰਾਗ ਮਹਲਾ ੧, ਪੰਨਾ 22)

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹ*
*ਗਾਵਹੁ ਸਚੀ ਬਾਣੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)

*ਗੁਰਬਾਣੀ ਗਾਵਹ ਭਾਈ॥*
*ਓਹ ਸਫਲ ਸਦਾ ਸੁਖਦਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 629)

*ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨਿ*
*ਰਾਗ ਰਤਨ ਰਸਨਾ ਅਲਾਪ॥*

(ਗੁਰੂ ਗ੍ਰੰਥ ਸਾਹਿਬ, ਪੰਨਾ 821)

ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਨ ਨੂੰ ਸ਼ਾਮਿਲ ਕੀਤਾ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*——————-*
*ਫਿਰ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮ ਧਿਆਵੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ 305)

*ਸਾਧੋ ਗੋਬਿੰਦ ਕੇ ਗੁਨ ਗਾਵਉ॥*
*ਮਾਨਸ ਜਨਮੁ ਅਮੋਲਕ ਪਾਇਓ*
*ਬਿਰਥਾ ਕਾਹਿ ਗਵਾਵਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 247)

ਭਾਵ ਹੇ ਸਾਧੂ ਜਨੋਂ ਹੋਰ ਜਤਨਾਂ ਵਿੱਚ ਆਪਣਾ ਬਹੁਮੁੱਲਾ ਮਨੁੱਖਾ ਜਨਮ ਬਿਰਥਾ ਨਾ ਗਵਾਓ। ਹਰੀ ਦੇ ਗੁਣ ਗਾ ਕੇ ਇਸ ਨੂੰ ਸਫਲ ਕਰੋ।

ਜਿਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿੱਚ ਕੀਰਤਨ ਪ੍ਰਮੁਖ ਕਰਮ ਹੁੰਦਾ ਸੀ।

*ਭਾਈ ਗੁਰਦਾਸ ਜੀ ਦਾ ਕਥਨ ਹੈ:*

*ਘਰਿ ਘਰਿ ਅੰਦਰ ਧਰਮਸਾਲ ਹੋਵੇ*
*ਕੀਰਤਨ ਸਦਾ ਵਿਸ ਆ॥*

(ਵਾਰ 1, ਪਉੜੀ 27)

ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਯਾਦਾ ਨੂੰ ਵਿਸ਼ੇਸ਼ ਰੂਪ ਵਿੱਚ ਅਪਨਾਇਆ। ਭਾਈ ਗੁਰਦਾਸ ਜੀ ਅਨੁਸਾਰ:

*ਫਿਰਿ ਬਾਬਾ ਆਇਆ ਕਰਤਾਰ ਪੁਰਿ*
*ਭੇਖ ਉਦਾਸੀ ਸਗਲ ਉਤਾਰਾ॥*
*——————-*
*ਗਿਆਨ ਗੋਸਟਿ ਚਰਚਾ ਸਦਾ*
*ਅਨਹਦਿ ਸਬਦਿ ਪਿਛੇ ਧੁਨਕਾਰਾ ॥*
*ਸੋਦਰੁ ਆਰਤੀ ਗਾਵੀਐ*
*ਅੰਮ੍ਰਿਤ ਵੇਲੇ ਜਪ ਉਚਾਰਾ॥*

(ਭਾਈ ਗੁਰਦਾਸ, ਵਾਰ 1, ਪਉੜੀ 38)

ਜਿਵੇਂ ਕਿ ਪਿਛੇ ਦੱਸਿਆ ਜਾ ਚੁਕਾ ਹੈ ਕਿ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਦਾ ਨਾਮ ਕੀਰਤਨ ਹੈ। ਗੁਰੂ ਸਾਹਿਬਾਨ ਰਾਗ ਪ੍ਰਭਾਵ ਤੋਂ ਜਾਣੂ ਸਨ ਇਸ ਲਈ ਉਹੋ ਰਾਗਾਂ ਦੀ ਵਰਤੋਂ ਬਾਰੇ ਬਹੁਤ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉਪਰ ਜਿਥੇ ਕਾਵਿ ਰੂਪ ਨਾਲ ਸੰਬੰਧਤ ਸਿਰਲੇਖ ਦਿੱਤਾ ਉਥੇ ਉਹਨਾਂ ਨੂੰ ਗਾਉਣ ਲਈ 'ਰਾਗ' ਵੀ ਨਿਸ਼ਚਿਤ ਕੀਤਾ ਹੈ। ਸੰਗੀਤ ਦੀ ਕਿਰਤ ਰਾਗ ਹੈ। ਰਾਗ ਬਾਰੇ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਖਾਸ ਤਰ੍ਹਾਂ ਦੇ ਅਨੁਭਵਾਂ ਨੂੰ ਖਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ। ਪਰ ਹਰ ਰਾਗ ਸਰੋਤਿਆਂ ਉਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮਨ ਨੂੰ ਖਾਸ ਤਰ੍ਹਾਂ ਦੀਆਂ ਭਾਵਨਾਵਾਂ ਵਿਚ ਰੰਗਣ ਵਾਲਾ ਹੈ।17 ਹਰ ਰਾਗ ਦੀ ਸਿਰਜਣਾ ਵਿਸ਼ੇਸ਼ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇਕ ਰਾਗ ਵਿਸ਼ੇਸ਼ ਭਾਵਾਂ ਨਾਲ ਸੰਬੰਧਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿਚ

ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤਾ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ। ਹੋਲੀ ਬੋਲਣ ਨਾਲ ਅਧੀਨਗੀ, ਮਧੁਰਤਾ, ਧੀਰਜ, ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਤਰ੍ਹਾਂ ਵੱਖ ਵੱਖ ਸੁਰਾਂ ਦੇ ਪ੍ਰਯੋਗ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ। 18 ਸੰਗੀਤ ਆਚਾਰੀਆਂ ਨੇ ਹਰ ਰਾਗ ਦਾ ਇਕ ਰਸ ਮੰਨਿਆ ਹੈ। ਭਾਵੇਂ ਵੱਖ ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਸਪਸ਼ਟਤਾ ਹੈ ਪਰ ਫਿਰ ਵੀ ਸਾਧਾਰਨ ਤੌਰ ਤੇ ਸੰਗੀਤ ਵਿਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ ਸ਼ਿੰਗਾਰ, ਸ਼ਾਂਤ, ਕਰੁਣ, ਵੀਰ ਆਦਿ। ਹਰ ਰਾਗ ਦੇ ਵਾਤਾਵਰਣ ਵਿਚ ਇਕ ਨਿੱਜੀ ਰਸ ਹੁੰਦਾ ਹੈ ਜਿਸਦਾ ਸਾਡੇ ਹਿਰਦੇ 'ਤੇ ਪ੍ਰਭਾਵ ਪੈਂਦਾ ਹੈ।19

ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗਾਂ ਦੇ ਅਨੁਕੂਲ ਕਈ ਰਾਗਾਂ ਦਾ ਮਾਨਵੀਕਰਣ ਕਰਦਿਆਂ ਉਨ੍ਹਾਂ ਦੇ ਚਿਤਰ ਬਣਾਏ ਹਨ ਅਤੇ ਉਨ੍ਹਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ। ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿੱਚ ਵਸਾਏ ਬਿਨਾਂ ਉਸ ਦਾ ਗਾਇਨ ਕਰਦਾ ਹੈ ਉਸ ਨੂੰ ਮਨਇਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਪਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਭਾਵ ਸੰਬੰਧੀ ਉਸ ਦੀ ਖਾਸ ਸ਼ਖਸੀਅਤ ਤੋਂ ਵਾਕਫ ਨਹੀਂ ਹੋਵੇਗਾ। ਉਸਦੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।20

ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਵਿੱਚ ਕਲਿਆਣਕਾਰੀ ਭਾਵਨਾਵਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਸਪਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਤੁਲਨਾਮਿਕ ਅਧਿਐਨ ਕਰਨਾ ਅਣਉਚਿਤ ਨਹੀਂ ਹੋਵੇਗਾ :-

**ਸਿਰੀ ਰਾਗ**

ਇਸ ਰਾਗ ਦਾ ਭਾਵ ਚਿਤਰ ਬਿਆਨ ਕਰਦਿਆਂ ਸੰਗੀਤ ਦਰਪਣ21 ਵਿਚ ਦੱਸਿਆ ਗਿਆ ਹੈ, ਉਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸਦੀ ਸੂਰਤ ਹੈ ਜੋ ਧੀਰ ਅਤੇ ਜਿਸਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ। ਪਰ ਗੁਰੂ ਕਾਵਿ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ :

***ਰਾਗਾਂ ਵਿਚਿ ਸ੍ਰੀ ਰਾਗ***
***ਜੇ ਸਚਿ ਧਰੇ ਪਿਆਰੁ॥***
***ਸਦਾ ਹਰਿ ਸਚੁ ਮਨਿ ਵਸੈ***
***ਨਿਹਚਲ ਮਤਿ ਅਪਾਰੁ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)

**ਰਾਗ ਗਉੜੀ**

ਇਸ ਰਾਗ ਬਾਰੇ ਰਾਗ ਵਿਬੋਧ22 ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ। ਇਸ ਨੇ ਦੁੱਧ ਦੇ ਸਮੁੰਦਰ ਵਰਗੇ ਸਫੈਦ ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀ ਹੈ ਅਤੇ ਲੰਮੀਆਂ ਲੰਮੀਆਂ ਬਾਹਵਾਂ ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ:-

***ਗਉੜੀ ਰਾਗਿ ਸੁਲਖਣੀ***
***ਜੇ ਖਸਮੈ ਚਿਤਿ ਕਰੇਇ॥***
***ਭਾਣੈ ਚਲੈ ਸਤਿਗੁਰੂ ਕੈ***
***ਐਸਾ ਸੀਗਾਰੁ ਕਰੇਇ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

**ਰਾਗ ਗੂਜਰੀ**

ਇਸ ਰਾਗ ਨੂੰ ਨਾਇਕਾ ਦਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ

ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣਾ-ਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੋਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ-ਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਣ ਹੈ।23 ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

*ਗੂਜਰੀ ਜਾਤਿ ਗਵਾਰਿ*
*ਜਾ ਸਹੁ ਪਾਏ ਆਪਣਾ॥*
*ਗੁਰ ਕੈ ਸਬਦਿ ਵੀਚਾਰਿ*
*ਅਨਦਿਨੁ ਹਰਿ ਜਪੁ ਜਾਪਣਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

**ਸੋਰਠ ਰਾਗ**

ਇਸ ਨੂੰ ਰਾਗਣੀ ਦਸਦਿਆਂ ਸੰਗੀਤ ਦਰਪਣ24 ਵਿਚ ਲਿਖਿਆ ਹੈ ਜਿਸ ਨੇ ਉਚੇ ਅਤੇ ਪੁਸ਼ਟ ਸਤਨਾ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸਦਾ ਚਿਤ, ਕੰਨ ਵਿਚ ਪਾਏ ਹੋਏ ਕੋਂਪਲ ਦੇ ਆਸ ਪਾਸ ਗੂੰਜਣ ਵਾਲੇ ਭਉਰੇ ਦੀ ਆਵਾਜ਼ ਤੋਂ ਉਚਾਟ ਹੋ ਰਿਹਾ ਹੈ। ਜਿਸਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ :

*ਸੋਰਠਿ ਸੋ ਰਸੁ ਪੀਜੀਐ*
*ਕਬਹੂ ਨ ਫੀਕਾ ਹੋਇ॥*
*ਨਾਨਕ ਰਾਮ ਨਾਮ ਗੁਨ ਗਾਈਅਹਿ*
*ਦਰਗਹ ਨਿਰਮਲ ਸੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

**ਰਾਗ ਧਨਾਸਰੀ**

ਰਾਗ ਵਿਬੋਧ25 ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਤ ਕਰ ਦਿੱਤਾ ਹੈ :

*ਧਨਾਸਰੀ ਧਨਵੰਤੀ ਜਾਣੀਐ*
*ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥*
*ਤਨ ਮਨੁ ਸਉਪੇ ਜੀਅ ਸਉ*
*ਭਾਈ ਲਏ ਹੁਕਮਿ ਫਿਰਾਉ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)

**ਰਾਗ ਬਿਲਾਵਲ**

ਸੰਗੀਤ ਦਰਪਣ26 ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, ਉਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ :

*ਹਰਿ ਉਤਮੁ ਹਰਿ ਪ੍ਰਭੁ ਗਾਵਿਆ*
*ਕਰਿ ਨਾਦੁ ਬਿਲਾਵਲੁ ਰਾਗੁ॥*
*ਉਪਦੇਸੁ ਗੁਰੂ ਸੁਣਿ ਮੰਨਿਆ*
*ਧੁਰਿ ਮਸਤਕਿ ਪੂਰਾ ਭਾਗੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

**ਰਾਗ ਰਾਮਕਲੀ**

ਚਿਤਰਕਾਰਾਂ ਨੇ ਇਸ ਰਾਗਨੀ ਦਾ ਚਿਤਰ ਇਸ ਤਰ੍ਹਾਂ ਬਣਾਇਆ ਹੈ-ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ ਆਪਣੇ ਪ੍ਰੀਤਮ ਦੇ ਸਾਹਮਣੇ ਸੇਜ ਤੇ ਬੈਠੀ ਹੈ

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਉਚਾਰਿਆ ਹੈ:

*ਰਾਮਕਲੀ ਰਾਮੁ ਮਨਿ ਵਸਿਆ*
*ਤਾ ਬਨਿਆ ਸੀਗਾਰੁ॥*
*ਗੁਰ ਕੈ ਸਬਦਿ ਕਮਲੁ ਬਿਗਸਿਆ*
*ਤਾ ਸਉਪਿਆ ਭਗਤਿ ਭੰਡਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150)

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਕਵੀਆਂ ਨੇ ਰਾਗਾਂ ਦਾ ਪ੍ਰਯੋਗ ਆਪਣੇ

ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ। ਉਹਨਾਂ ਸਭ ਰਾਗਾਂ ਬਾਰੇ ਦੱਸਿਆ ਹੈ:

*ਸਭਨਾ ਰਾਗਾਂ ਵਿਚਿ ਸੋ ਭਲਾ ਭਾਈ*
*ਜਿਤੁ ਵਸਿਆ ਮਨਿ ਆਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 423)

ਉਹਨਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ।

*ਧੰਨ ਸੁ ਰਾਗ ਸੁਰੰਗੜੇ*
*ਆਲਾਪਤ ਸਭ ਤਿਖ ਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪੁਹੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿਫਲਾਂ ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਹਨਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ ਤੇ ਸਧਾਰਨ ਧੁਨਾਂ ਤੇ ਗਾਉਣ ਲਈ ਨੀਯਤ ਕੀਤਾ। ਉਸ ਵੇਲੇ ਦੇ ਬਾਕੀ ਭਗਤ ਕਵੀ ਵੀ ਇਸੇ ਪਧਤੀ ਅਨੁਸਾਰ ਕਾਵਿ ਰਚਨਾ ਕਰ ਅਤੇ ਸੁਣਾ ਰਹੇ ਸਨ। ਅਚਾਰਿਆ ਬ੍ਰਹਸਪਤੀ28 ਨੇ ਠੀਕ ਹੀ ਲਿਖਿਆ ਹੈ, ਜਿਨ੍ਹਾਂ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਾਂ ਨੂੰ ਉਸਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਨ੍ਹਾਂ ਵਿਚ ਬਾਲਮੀਕ, ਕਾਲੀਦਾਸ, ਤੁਲਸੀ ਅਤੇ ਸੂਰ ਦਾਸ ਆਉਂਦੇ ਹਨ; ਗਾਇਕ ਦਾ ਪ੍ਰਯੋਜਨ ਵੀ ਠੀਕ ਇਹ ਹੋਣਾ ਚਾਹੀਦਾ ਹੈ।

ਜਿਹੜੇ ਕਵੀ 'ਭਾਵ' ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾ-ਰੂਪਕ ਨੂੰ ਹੀ ਆਪਣਾ ਲਕਸ਼ ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨਾਂ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਦਾ ਮੰਤਵ ਸਰੋਤਿਆਂ ਨੂੰ ਚਕਰ ਵਿਚ ਪਾਉਣਾ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਉਹ ਤਾਂ ਸਹਿਜ ਨਾਲ ਗੁਣ ਗਾਇਨ ਕਰਨ ਦੇ ਹਾਮੀ ਸਨ:

*ਜਿਉ ਭਾਵੈ ਤਿਉ ਰਾਖੁ ਰਜਾਇ॥*
*ਨਾਨਕ ਸਹਜਿ ਭਾਇ ਗੁਣ ਗਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ 686)

ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਹਿਜ ਨਾਲ ਗਾਇਨ ਕਰਨ ਵਾਲੀ ਭਾਵਨਾ ਨੂੰ ਆਪਣੀ ਬਾਣੀ ਇੰਜ ਵਿੱਚ ਪ੍ਰਗਟ ਕੀਤਾ ਹੈ:

*ਸਹਜੇ ਗਾਵਿਆ ਥਾਇ ਪਵੈ*
*ਬਿਨੁ ਸਹਜੈ ਕਥਨੀ ਬਾਦੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ 68)

*ਅੰਤਰੁ ਨਿਰਮਲੁ ਨਿਰਮਲੁ ਬਾਣੀ*
*ਹਰਿ ਗੁਣ ਸਹਜੇ ਗਾਵਣਿਆ॥*

(ਗੁਰੂ ਗ੍ਰੰਥ ਸਾਹਿਬ , ਪੰਨਾ 114)

*ਮਨੁ ਸਦਾ ਹਰੀਆਵਲਾ*
*ਸਹਜੇ ਹਰਿ ਗੁਣ ਗਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ 428)

ਗੁਰੂ ਸਾਹਿਬ ਚਾਹੁੰਦੇ ਸਨ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਂਵਿਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ ਤੋਂ ਧਾਰਨਾਂ ਦਾ ਸੰਗੀਤਕ ਅਸਰ ਦਿਲ ਪਰ ਇਕ ਕਿਸਮ ਦਾ ਵਲਵਲਾ ਪੈਦਾ ਕਰਨ।29

**ਕੀਰਤਨਕਾਰ:**

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮੇਸਰ ਦਾ ਢਾਡੀ ਅਰਥਾਤ ਕੀਰਤਨ ਕਰਨ ਵਾਲਾ ਆਖਦੇ ਹਨ :

*ਹਉ ਢਾਢੀ ਵੇਕਾਰੁ ਕਾਰੈ ਲਾਇਆ।*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*

*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤਿ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥*

(ਵਾਰ ਮਾਝ ਮਹਲਾ ੧, ਪੰਨਾ 150)

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

*ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ॥*
*ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ॥*
*ਢਾਢੀ ਕਥੇ ਅਕਥੁ ਸਬਦਿ ਸਵਾਰਿਆ॥*

(ਵਾਰ ਮਾਝ ਮਹਲਾ ੧, ਪੰਨਾ 148)

*ਖਾਲਕ ਕਉ ਆਦੇਸੁ ਢਾਢੀ ਗਾਵਣਾ॥*
*ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥*

(ਵਾਰ ਮਾਝ ਮਹਲਾ ੧, ਪੰਨਾ 148)

*ਢਾਢੀ ਕਥੇ ਅਕਥੁ ਸਬਦਿ ਸਵਾਰਿਆ॥*
*ਖਾਲਕ ਕਉ ਆਦੇਸੁ ਢਾਢੀ ਗਾਵਣਾ॥*
*ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥*

(ਗੁਰੂ ਗ੍ਰੰਥ ਸਾਹਿਬ ਪੰਨਾ 148)

*ਹਮ ਢਾਢੀ ਹਰਿ ਪ੍ਰਭ ਖਸਮ ਕੇ*
*ਨਿਤ ਗਾਵਹ ਹਰਿ ਗੁਣ ਛੰਤਾ॥*
*ਹਰਿ ਕੀਰਤਨੁ ਕਰਹ ਹਰਿ ਜਸੁ*
*ਸੁਣਹ ਤਿਸੁ ਕਵਲਾ ਕੰਤਾ।*

(ਗੁਰੂ ਗ੍ਰੰਥ ਸਾਹਿਬ ਪੰਨਾ 650)

ਕੀਰਤਨ ਕਾਰ ਦੀ ਮਹਿਮਾ ਦਾ ਗਾਇਨ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਵਾਂ ਤੇ ਹੋਇਆ ਹੈ–

*ਜੋ ਜਨੁ ਕੀਰਤਨੁ ਕਰੈ ਗੋਪਾਲ॥*
*ਤਿਸ ਕਉ ਪੋਹਿ ਨ ਸਕੈ ਜਮ ਕਾਲੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)

*ਜੋ ਜੋ ਕਥੈ ਸੁਨੈ ਹਰਿ ਕੀਰਤਨੁ*
*ਤਾਕੀ ਦੁਰਮਤਿ ਨਾਸ॥*
*ਸਗਲ ਮਨ ਰਥ ਪਾਵੈ*
*ਨਾਨਕ ਪੂਰਨ ਹੋਵੈ ਆਸੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)

*ਮਾਈ ਜੋ ਪ੍ਰਭ ਕੇ ਗੁਨ ਗਾਵੈ॥*
*ਸਫਲ ਆਇਆ ਜੀਵਨ ਫਲੁ*
*ਤਾ ਕੌ ਪਾਰਬ੍ਰਹਮ ਲਿਵ ਲਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)

*ਸਚੀ ਬਾਣੀ ਹਰਿ ਗੁਣ ਗਾਵੈ*
*ਨਦਰੀ ਨਦਰਿ ਨਿਹਾਲ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)

*ਜੋ ਤੁਮਰਾ ਜਸੁ ਗਾਵਹਿ ਕਰਤੇ*
*ਸੇ ਜਨ ਕਬਹੁ ਨ ਮਰਤੇ ਝੂਰਿ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)

*ਕਹੁ ਨਾਨਕ ਸੋਈ ਨਰ ਸੁਖੀਆ*
*ਰਾਮ ਨਾਮ ਗੁਨ ਗਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831)

*ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ*
*ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)

*ਹਰਿ ਜਨ ਰਾਮ ਨਾਮ ਗੁਨ ਗਾਵੈ॥*
*ਜੇ ਕੋਈ ਨਿੰਦ ਕਰੇ ਹਰਿ ਜਨ ਕੀ*
*ਅਪੁਨਾ ਗੁਨੁ ਨ ਗਵਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-720)

ਪਰ ਕੀਰਤਨ ਕਰਨ ਲਈ ਕੁਝ ਮਾਪਦੰਡ ਵੀ ਨਿਸਚਿਤ ਕੀਤੇ ਗਏ ਹਨ–

*ਜਿਸ ਨੋ ਪਰਤੀਤਿ ਹੋਵੈ,*
*ਤਿਸ ਕਾ ਗਾਵਿਆ ਥਾਇ ਪਵੈ,*
*ਸੋ ਪਾਵੈ ਦਰਗਹ ਮਾਨੁ॥*

(ਬਿਲਾਵਲ ਮਹਲਾ 4)

ਜਿਹੜੇ ਕੇਵਲ ਵਿਖਾਵੇ ਲਈ ਗਾਇਨ ਕਰਦੇ ਹਨ ਉਹ ਬਿਨਾਂ ਨਾਮ ਤੋਂ ਝੂਠੇ ਹਨ। ਅਸਲ ਵਿੱਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ:

*ਗਾਵਹਿ ਗੀਤੇ ਚੀਤਿ ਅਨੀਤੇ ॥*
*ਰਾਗ ਸੁਣਾਇ ਕਹਾਵਹਿ ਬੀਤੇ॥*
*ਬਿਨ ਨਾਵੈ ਮਨਿ ਝੂਠੁ ਅਨੀਤੇ॥*
*ਕਹਾ ਚਲਹੁ ਮਨ ਰਹਹੁ ਘਰੇ॥*
*ਗੁਰਮੁਖ ਰਾਮ ਨਾਮਿ ਤ੍ਰਿਪਤਾਸੇ*

*ਖੋਜਤ ਪਾਵਹੁ ਸਹਜਿ ਹਰੇ॥*

————-

*ਗੁਰ ਪਰਸਾਦੀ ਕਰਮ ਕਮਾਉ॥*

*ਨਾਮੇ ਰਾਤਾ ਹਰਿ ਗੁਣ ਗਾਉ॥*

(ਆਸਾ ਮਹਲਾ ੧, ਪੰਨਾ 414-15)

ਗੁਰੂ ਰਾਮ ਦਾਸ ਜੀ ਵੀ ਫੁਰਮਾਉਂਦੇ ਹਨ-

*ਕੋਈ ਗਾਵੈ ਰਾਗੀ ਨਾਦੀ*

*ਬੇਦੀ ਬਹੁ ਭਾਤ ਕਰਿ*

*ਨਹੀ ਹਰਿ ਹਰਿ ਭੀਜੈ ਰਾਮ ਰਾਜੇ॥*

*ਜਿਨਾ ਅੰਤਰਿ ਕਪਟੁ ਵਿਕਾਰੁ ਹੈ*

*ਤਿਨਾ ਰੋਇ ਕਿਆ ਕੀਜੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ450)

ਕੀਰਤਨ ਕਰਨ ਕੀਰਤਨ ਕਾਰ ਨੇ ਆਪਣੀ ਕਲਾ ਜਾਂ ਵਿਦਵਤਾ ਵਿਖਾਵਾ ਨਹੀਂ ਕਰਨਾ ਸਗੋਂ ਸਹਿਜ ਵਿੱਚ ਅਤੇ ਨਿਮਰਤਾ ਨਾਲ ਕੀਰਤਨ ਕਰਨਾ ਹੈ-

*ਸਹਜੇ ਮਾਤਾ ਸਦਾ ਰੰਗਿ ਰਾਤਾ*

*ਸਾਚੇ ਕੇ ਗੁਣ ਗਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)

*ਰਾਗ ਨਾਦ ਸਬਦਿ ਸੋਹਣੇ*

*ਜਾ ਲਾਗੈ ਸਹਿਜ ਧਿਆਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਉਹ ਕੀਰਤਨੀਆਂ ਭਲਾ ਹੈ ਜਿਹੜਾ ਲਾਲਚ ਛੱਡ ਕੇ ਗੁਰਬਾਣੀ ਦਾ ਗਾਇਨ ਕਰਦਾ ਹੈ-

*ਭਲੋ ਭਲੋ ਰੇ ਕੀਰਤਨੀਆਂ*

*ਰਾਮ ਰਮਾ ਰਾਮਾ ਗੁਨ ਗਾਉ॥*

*ਛੋਡਿ ਮਾਇਆ ਕੇ ਧੰਧ ਸੁਆਉ॥*

(ਗੁਰੂ ਗ੍ਰੰਥ ਸਾਹਿਬ , ਪੰਨਾ 885)

*ਰਾਗ ਨਾਦ ਸਬਦਿ ਸੋਹਣੇ*

*ਜਾ ਲਾਗੈ ਸਹਿਜ ਧਿਆਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਗੁਰੂ ਗ੍ਰੰਥ ਸਾਹਿਬ ਵਿੱਚ ਜਿਤਨੇ ਰਾਗਾਂ ਦਾ ਪ੍ਰਯੋਗ ਹੋਇਆ ਹੈ ਉਹਨਾਂ ਦੀ ਜਾਣਕਾਰੀ ਕੀਰਤਨੀਏ ਨੂੰ ਹੋਣੀ ਚਾਹਦੀ ਹੈ। ਜਿਹੜੀਆਂ ਗਾਇਨ ਸੈਲੀਆਂ ਕੀਰਤਨ ਕਰਨ ਲਈ ਨਿਸਚਿਤ ਕੀਤੀਆਂ ਗਈਆਂ ਹਨ ਉਹਨਾਂ ਦਾ ਗਿਆਨ ਹੋਣਾ ਵੀ ਲਾਜਮੀ ਹੈ।

ਇਸ ਤਰ੍ਹਾਂ ਗੁਰਬਾਣੀ ਵਿੱਚ ਕੀਰਤਨ ਅਤੇ ਕੀਰਤਨੀਏ ਬਾਰੇ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਬਿਆਨ ਕੀਤਾ ਗਿਆ ਹੈ। ਲੋੜ ਹੈ ਇਸ ਸੰਕਲਪ ਦੀ ਲੋਅ ਵਿੱਚ ਕੀਰਤਨ ਅਤੇ ਕੀਰਤਨੀਏ ਦੀ ਸੰਭਾਲ ਕੀਤੀ ਜਾਵੇ।


1 ਸਾਰੰਗ ਦੇਵ, ਸੰਗੀਤ ਰਤਨਾਕਰ (ਭਾਗ 1) ਪੰਨਾ 7

2. Music is everywhere. No one can do without it. Ancient religious believes maintained that music was not only a pleasure but a cause of many events. It could bring down droughts to harm the crops and rains to give them life. Music comes from the gods, they said.

Gleb Anfilov, Physics and Music, Page 8-9

3. Humayun Kabir, The Indian Heritage, Page 126

4 ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰਨਾ 183

5 ਉਮਾ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 31

6. The Man that hath no music in himself, Nor is not moved with concord of Sweet sounds, Is Fit for treasons, strantagems, and spoils; The Motions of his spirit are dull as night; And his effections dark as Erebus. Let no such man be trusted, Mark the Music

Shakespeare, The Merchant of Venice, Page 79-80

7 ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ, ਪੰਨਾ 14

8 ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ (ਪ੍ਰਥਮ ਵੀਣਾ), ਪੰਨਾ 6

9. In any out-of the way place man has always sung, played or made thing that whistle, hum or rattle. This has always been vital to him as air; music helped him to work, has added to his joy, and taken the edge off his sorrow, Music has drawn people together, and made them feel and act as one.

Gleb Anfilov, Physics and Music, Page 7

10 ਪ੍ਰਣਵ ਭਾਰਤੀ, ਪੰਨਾ 19

11 ਸਾਹਿਤ ਤੇ ਸਿਧਾਂਤ, ਪੰਨਾ 56

12 ਮਨਮ ਹਨ ਸਹਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 220

13 ਧਵਨਿ ਔਰ ਸੰਗੀਤ, ਪੰਨਾ 143

14 ਭਾਰਤੀਯ ਕਲਾ ਔਰ ਸੰਸਕ੍ਰਿਤੀ, ਪੰਨਾ 152

15 ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 40

16 ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, ਭਾਗ 1, (ਪੰਨਾ ਅ, ੲ,)੍ਹ । 15

17. O.C. Gangoli, Ragas and Raginis, Page I, Indtroduction

18 ਊਸ਼ਾ ਗੁਪਤ, ਹਿੰਦੀ ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਿਯ ਮੇਂ ਸੰਗੀਤ ਤਤਵ, ਪੰਨਾ 217

19 ਮਹੇਸ਼ ਨਰਾਇਣ ਸਕਸੈਨਾ, ਸੰਗੀਤ ਸ਼ਾਸਤਰ, (ਭਾਗ ਪਹਿਲਾ) ਪੰਨਾ 20

20 ਬ੍ਰਿਹਿਸਪਤੀ, ਸੰਗੀਤ ਚਿੰਤਾਮਣੀ, ਪੰਨਾ 400

21 ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 104

22 ਹਵਾਲਾ, ਸੰਗੀਤ ਪਾਰਿਜਾਤਿ, ਪੰਨਾ 118

23 ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ' ਨਿਬੰਧ ਸੰਗੀਤ, ਪੰਨਾ 446

24 ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 117

25 ਹਵਾਲਾ, ਸੰਗੀਤ ਪਾਰਿਜਾਤ, ਪੰਨਾ 101

26 ਦਮੋਦਰ ਪੰਡਤ, ਸੰਗੀਤ ਦਰਪਣ, ਪਨਾ 95

27 ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ' ਨਿਬੰਧ ਸੰਗੀਤ, ਪੰਨਾ 437

28 ਸੰਗੀਤ ਚਿੰਤਾਮਣੀ, ਪੰਨਾ 399

29 ਭਾਈ ਵੀਰ ਸਿੰਘ, ਉਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ , ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, (ਭਾਗ ਪਹਿਲਾ) ਪੰਨਾ 1

*422, ਸੈਕਟਰ 15-ਏ, ਚੰਡੀਗੜ੍ਹ*

*ਮੁਬਾਈਲ: 98140*

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਕਲਜੁਗ ਮਹਿ ਕੀਰਤਨ ਪ੍ਰਧਾਨਾ

## ਅਮਰਜੀਤ ਸਿੰਘ ਗਰੇਵਾਲ

ਜੇਕਰ ਸਾਨੂੰ ਇਹ ਨਹੀਂ ਪਤਾ ਕਿ ਅਸੀਂ ਕੌਣ ਹਾਂ, ਇਹ ਜਗਤ ਕੀ ਹੈ, ਇਸ ਜਗਤ ਨਾਲ ਸਾਡਾ ਰਿਸ਼ਤਾ ਕੀ ਹੈ ਅਤੇ ਸਾਡੇ ਜੀਣ ਦਾ ਜਾਂ ਇਸ ਜਗਤ ਦੀ ਹੋਂਦ ਦਾ ਮੰਤਵ ਕੀ ਹੈ, ਤਾਂ ਅਸੀਂ ਆਪਣੇ ਆਪ ਨਾਲ ਸੰਤੁਸ਼ਟ ਨਹੀਂ ਹੋ ਸਕਦੇ। ਜੇਕਰ ਅਸੀਂ ਇਸ ਅਗਿਆਨਤਾ ਦੇ ਬਾਵਜੂਦ ਸੰਸਾਰਕ ਵਸਤੂਆਂ ਦੇ ਭੋਗ ਨਾਲ ਹੀ ਸੰਤੁਸ਼ਟ ਦਿਖਾਈ ਦਿੰਦੇ ਹਾਂ, ਤਾਂ ਇਸ ਦਾ ਮਤਲਬ ਅਸੀਂ ਆਪਣੇ ਆਪ ਤੋਂ ਬੇਮੁੱਖ ਹਾਂ, ਆਪਣੇ ਅੰਦਰ ਫੈਲੇ ਸ਼ੋਰ ਦੀ ਹਕੀਕਤ ਤੋਂ ਇਨਕਾਰੀ ਹਾਂ। ਇਸ ਲਈ ਮਨੁੱਖ ਦੀ ਖੁਸ਼ੀ ਅਤੇ ਸੰਤੁਸ਼ਟਤਾ ਦਾ ਰਸਤਾ ਕੇਵਲ ਸਵੈ ਗਿਆਨ ਦਾ ਰਸਤਾ ਹੀ ਹੈ-"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ॥" "ਮੂਲ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ।"

ਸਧਾਰਨ ਹਾਲਤਾਂ ਵਿਚ ਸਾਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਹ ਜਗਤ ਅਨੇਕ ਕਿਸਮ ਦੀਆਂ ਅਲੱਗ-ਅਲੱਗ ਵਸਤੂਆਂ ਦਾ ਬਣਿਆ ਹੋਵੇ। ਜਿਵੇਂ ਕਿ ਦੇਖਣ ਵਾਲੇ ਮਨੁੱਖ ਅਤੇ ਦੇਖੀ ਜਾਣ ਵਾਲੀ ਵਸਤੂ ਵਿਚਕਾਰ ਇਕ ਪੂਰਨ ਦਵੈਤ ਹੋਵੇ। ਇਹ ਦਵੈਤ ਅਤੇ ਵੰਡ ਮਨੁੱਖ ਦੇ ਕਾਰਵਿਹਾਰ ਲਈ ਲੋੜੀਂਦੀ ਵੀ ਹੈ ਅਤੇ ਆਵੱਸ਼ਕ ਵੀ-ਇਸ ਲਈ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਦਵੈਤ ਅਤੇ ਵੰਡ ਕੇਵਲ ਮਨੁੱਖੀ ਚੇਤਨਾ ਅਤੇ ਉਸ ਦੀ ਨਿੱਜੀ ਲੋੜ ਵਿਚੋਂ ਹੀ ਪੈਦਾ ਹੋਈ ਹੈ। ਇਸ ਲਈ ਕੋਈ ਵਾਸਤਵਿਕ ਹੋਂਦ ਨਹੀਂ। ਵਿਭਿੰਨ ਵਸਤੂਆਂ ਦੇ ਮਨੁੱਖ ਦੁਆਰਾ ਕੀਤੇ ਇੰਦ੍ਰਿਆਵੀ ਅਨੁਭਵ ਨੂੰ ਕੁਦਰਤ ਦਾ ਸੱਚ ਸਵੀਕਾਰ ਕਰਨਾ ਅਗਿਆਨਤਾ ਜਾਂ ਅਵਿੱਦਿਆ ਹੈ। ਗਿਆਨ ਜਾਂ ਵਿੱਦਿਆ ਤਾਂ ਉਸ ਸਭ ਕਾਸੇ ਨੂੰ ਜੋ ਕਦੀ ਵੀ ਸੀ, ਹੈ, ਜਾਂ ਹੋਵੇਗਾ, ਉਸ ਸਭ ਕਾਸੇ ਨੂੰ ਆਪਣੇ ਆਪ ਅਤੇ ਆਪਣੀ ਚੇਤਨਾ ਸਮੇਤ ਇਕ ਸੰਗਠਿਤ ਸਮੁੱਚਤਾ ਵਿਚ ਬੱਝੀ ਹੋਈ ਇਕੋ ਇਕ ਠੋਸ ਹਕੀਕਤ ਦੇ ਰੂਪ ਵਿਚ ਅਨੁਭਵ ਕਰਨਾ ਹੈ

ਇਹ ਠੀਕ ਹੈ ਕਿ ਵਿਗਿਆਨਕ ਸੋਚ ਦਾ ਸਫਰ ਸਮੁੱਚੇ ਬ੍ਰਹਿਮੰਡ ਨੂੰ ਇਸ ਦੇ ਮੂਲ ਤੱਤਾਂ ਜਾਂ ਅੰਗਾਂ ( ?) ਵਿਚ ਵਿਭਾਜਤ ਕਰਕੇ ਇਕ ਮਸ਼ੀਨੀ ਸੰਗਠਨ ਦੇ ਰੂਪ ਵਿਚ ਦੇਖਣ ਦੀ ਨਿਊਟਨਵਾਦੀ ਵਿਸ਼ਵਦ੍ਰਿਸ਼ਟੀ ਨਾਲ ਸ਼ੁਰੂ ਹੁੰਦਾ ਹੈ, ਪਰ ਵੀਹਵੀਂ ਸਦੀ ਵਿਚ ਆ ਕੇ ਸਾਪੇਖਤਾਵਾਦ ਅਤੇ ਕੁਅੰਟਮ ਮਕੈਨਿਕਸ ਦੇ ਸਿਧਾਂਤ ਨੇ ਇਸ ਨਿਊਟਨਵਾਦੀ ਸੋਚ ਪ੍ਰਣਾਲੀ ਨੂੰ ਤਬਦੀਲ ਕਰਕੇ ਇਕ ਅਜਿਹੀ ਅੰਤਰ ਦ੍ਰਿਸ਼ਟੀ ਪੈਦਾ ਕੀਤੀ ਜਿਸ ਨੇ ਨਿੱਤ ਨਵੀਆਂ ਲੱਭਤਾਂ ਰਾਹੀਂ ਇਹ ਸਾਬਤ ਕਰ ਦਿੱਤਾ ਕਿ "ਹਰਿ ਬਿਨ ਦੂਜਾ ਨਾਹੀਂ ਕੋਇ, ਸਰਬ ਨਿਰੰਤਰ ਏਕੋ ਸੋਇ।" ਭਾਵ ਟਾਈਮ-ਸਪੇਸ ਇਕ ਅਵਿਭਾਜਿਤ ਇਕਾਈ ਵਿਚ ਬੱਝਿਆ ਹੋਇਆ ਸਤਿ ਹੈ ਜਿਸ ਦੀ ਰਚਨਾ ਵੀ ਆਪਣੇ ਆਪ ਤੋਂ ਹੀ ਹੋਈ ਹੈ-"ਤੁਧੁ ਆਪੇ ਆਪੁ ਉਪਾਇਆ," ਕਿਉਂਕਿ "ਇਕਸੁ ਬਾਝਹੁ ਦੂਜਾ ਕੋ ਨਾਹੀ॥" ਇਹ ਇੱਕ, ਇਸ ਲਈ, ਆਪ ਹੀ ਰਚਨਾ ਹੈ, ਆਪ ਹੀ ਰਚਨਕਾਰ ਅਤੇ ਆਪ ਹੀ ਉਸ ਰਚਨਾ ਦਾ ਦਰਸ਼ਕ-"ਜਿਨਿ ਆਪੀ ਨੈ ਆਪੁ ਸਾਜਿਆ, ਸਚੜਾ ਅਲਖ ਅਪਾਰੋ॥" "ਆਪੈ ਗੁਣ, ਆਪੈ ਕਥੈ, ਆਪੇ ਸੁਣਿ ਵੀਚਾਰੁ॥ ਆਪੇ ਰਤਨ ਪਰਖ ਤੂੰ ਆਪੇ ਮੋਲ ਅਪਾਰ॥"ਇਸ ਲਈ ਇਸ ਸਤਿ ਦਾ ਉਸ ਦੇ ਆਪਣੇ ਆਪ (ਆਪੇ ਜਾਣੈ ਆਪੁ) ਤੋਂ ਬਿਨਾਂ ਹੋਰ ਕੋਈ ਦੂਸਰਾ ਦਰਸ਼ਕ ਹੋ ਹੀ ਨਹੀਂ ਸਕਦਾ। ਦਰਅਸਲ ਉਸ ਤੋਂ ਬਿਨਾਂ ਦੂਸਰਾ ਹੋਰ ਕੋਈ ਹੈ ਹੀ ਨਹੀਂ।

ਇਸ ਲਈ ਮਨੁੱਖ ਜੋ ਉਸ ਦਾ ਇੱਕ ਅਭਿਵਾਜਿਤ ਅੰਗ ਹੈ, ਜਦੋਂ ਆਪਣੀ ਹਉਮੈ ਕਾਰਨ ਆਪਣੇ ਆਪ ਨੂੰ ਉਸ ਤੋਂ ਵੱਖਰੀ ਹਸਤੀ ਸਮਝ ਕੇ, ਉਸ ਨੂੰ ਦੇਖਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਆਪਣੀਆਂ ਸੀਮਾਵਾਂ ਕਾਰਨ ਕੇਵਲ ਆਪਣੀ ਹਉਮੈ ਦੇ ਪ੍ਰਤੀਬਿੰਬ ਦਾ ਦਰਸ਼ਨ ਹੀ ਕਰ ਪਾਉਂਦਾ ਹੈ। ਉਦਾਹਰਣ ਦੇ ਤੌਰ ਤੇ ਇਲੈਕਟਰੋਨ ਨਾ ਹੀ ਕਣ ਹੈ ਨਾ ਹੀ ਲਹਿਰ। ਇਹ ਤਾਂ ਦੇਖਣ ਵਾਲਾ ਮਨੁੱਖ ਜਾਂ ਉਸ ਦੇ ਦੇਖਣ ਦੀ ਵਿਧੀ ਹੀ ਹੈ, ਜੋ ਮਾਦੀ ਸੰਸਾਰ ਦੇ ਇਸ ਆਧਾਰ ਇਲੈਕਟਰੋਨ ਨੂੰ ਆਪਣੀ ਇੱਛਾ (ਵਿਗਿਆਨਕ ਵਿਧੀ ਦੀ ਚੋਣ) ਮੁਤਾਬਿਕ

ਕਣ ਜਾਂ ਇਕ ਲਹਿਰ, ਦੋਹਾਂ ਵਿਚੋਂ ਕਿਸੇ ਇੱਕ ਰੂਪ ਵਿਚ ਹੀ ਦੇਖਦਾ ਹੈ। ਅਸਲੀਅਤ ਵਿਚ ਤਾਂ ਉਹ ਇਲੈਕਟਰੋਨ ਉਸੇ ਵਕਤ ਕਣ ਵੀ ਹੈ ਅਤੇ ਲਹਿਰ ਵੀ। ਕਣ ਹੋਣ ਕਾਰਨ ਸਮਾ-ਸਥਾਨ ਵਿਸ਼ੇਸ਼ ਉਪਰ ਸਥਿਤ ਹੈ ਅਤੇ ਲਹਿਰ ਹੋਣ ਕਾਰਨ ਪੂਰੀ ਸਪੇਸ ਵਿਚ ਫੈਲਿਆ ਹੋਇਆ ਹੈ। ਪਰ ਮਨੁੱਖੀ ਮਨ ਇਸ ਤਰ੍ਹਾਂ ਦੀ ਵਿਰੋਧਾਭਾਸੀ ਹਕੀਕਤ ਨੂੰ ਗ੍ਰਹਿਣ ਕਰਨ ਤੋਂ ਅਸਮਰੱਥ ਹੈ। ਇਸ ਲਈ ਇਸ ਬਹੁ ਪਾਸਾਰੀ ਸਤਿ ਦਾ ਇੱਕ ਸਮੇਂ ਕੇਵਲ ਇੱਕੋ ਪੱਖ ਦੇਖਦਾ ਹੈ, ਜਦੋਂ ਕੋਈ ਦੂਸਰਾ ਪੱਖ ਦੇਖਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਤਦ ਤੱਕ ਉਸ ਸਤਿ ਨੂੰ ਦੇਖਣ ਦੀ ਪਹਿਲੀ ਪ੍ਰਕ੍ਰਿਆ ਉਸ ਨੂੰ ਤਬਦੀਲ ਕਰ ਚੁੱਕੀ ਹੁੰਦੀ ਹੈ। ਸੋ ਸਤਿ ਨੂੰ ਉਸ ਦੇ ਬਹੁਪਾਸਾਰੀ ਅਤੇ ਵਿਰੋਧਾਭਾਸੀ ਰੂਪ ਵਿਚ ਗ੍ਰਹਿਣ ਕਰ ਸਕਣਾ, ਮਨੁੱਖ ਦੇ ਇੰਦ੍ਰਿਆਵੀ ਅਨੁਭਵ ਦੇ ਵੱਸ ਦੀ ਗੱਲ ਨਹੀਂ ਹੈ। ਭੌਤਿਕ ਵਿਗਿਆਨ ਦੀਆਂ ਅੱਜ ਤੱਕ ਦੀਆਂ ਖੋਜਾਂ ਨੇ ਆਈਜ਼ਨਬਰਗ ਦੇ ਇਸ ਅਨਿਸ਼ਚਿਤਤਾਬਾਦ ਦੇ ਸਿਧਾਂਤ ਨੂੰ ਹੀ ਬਾਰ ਬਾਰ ਸਿੱਧ ਕੀਤਾ ਹੈ।

ਗੱਲ ਕੀ ਸਤਿ ਦੀਆਂ ਅਨੇਕ ਪਰਤਾਂ ਹੁੰਦੀਆਂ ਹਨ ਜਿਹਨਾਂ ਨੂੰ ਕੁਅੰਟਮ ਮਕੈਨਿਕਸ ਸਰੌਡਿੰਗਰ ਦੀਆਂ ਸਮੀਕਰਣਾਂ ਅੰਦਰ ਵੇਵਫੰਕਸ਼ਨ ਦੇ ਰੂਪ ਵਿਚ ਵਿਰੋਧਾਭਾਸ਼ੀ ਸੰਭਾਵਨਾਵਾਂ ਵਜੋਂ ਅੰਕਿਤ ਕਰਦੀ ਹੈ, ਪਰ ਜਦੋਂ ਉਸ ਸਤਿ ਦੇ ਨਿਰੀਖਣ ਦਾ ਕ੍ਰਮ ਸ਼ੁਰੂ ਹੁੰਦਾ ਹੈ ਤਾਂ ਵੇਵਫੰਕਸ਼ਨ ਨਸ਼ਟ ਹੋ ਜਾਂਦਾ ਹੈ ਅਤੇ ਸਤਿ ਦਾ ਉਹ ਰੂਪ ਜਿਸ ਲਈ ਨਿਰੀਖਣ ਕਰਨ ਵਾਲੇ ਮਨੁੱਖ ਨੇ ਤਿਆਰੀ ਕੀਤੀ ਹੋਈ ਹੈ, ਇੱਕੋ ਇੱਕ ਸਚਾਈ ਭਾਸਣ ਲੱਗ ਪੈਂਦਾ ਹੈ। ਇਸ ਲਈ ਜੋ ਅਸੀਂ ਦੇਖਦੇ ਜਾਂ ਸੁਣਦੇ ਹਾਂ, ਉਹ ਸੱਚ ਦਾ ਗਿਆਨ ਨਹੀਂ, ਸੱਚ ਦੇ ਗਿਆਨ ਦਾ ਅੰਤ ਅਤੇ ਅਗਿਆਨਤਾ ਜਾਂ ਅਵਿਦਿਆ ਦੀ ਸ਼ੁਰੂਆਤ ਹੁੰਦੀ ਹੈ।

ਵਿਗਿਆਨੀਆਂ ਦੇ ਵਿਸ਼ਵਾਸ਼ ਮੁਤਾਬਿਕ ਇਹ ਸ਼੍ਰਿਸ਼ਟੀ ਜੋ ਸਾਡੇ ਅਧਿਐਨ ਜਾਂ ਨਿਰੀਖਣ ਦਾ ਵਿਸ਼ਾ ਹੈ, ਸਮੁੱਚੀ ਹੋਂਦ ਵਿਚ ਉਹੋ ਸਥਾਨ ਰੱਖਦੀ ਹੈ ਜੋ ਸਮੁੰਦਰ ਵਿਚ ਉੱਠੀ ਇੱਕ ਲਹਿਰ ਸਾਰੇ ਪਾਣੀਆਂ ਵਿਚ ਰੱਖਦੀ ਹੈ। ਪਰ ਇਹ ਲਹਿਰ ਮਾਤਰ ਸ਼੍ਰਿਸ਼ਟੀ ਵੀ ਏਨੀ ਵਿਸ਼ਾਲ ਹੈ ਕਿ ਇਸ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਰੌਸ਼ਨੀ ਨੂੰ ਪਹੁੰਚਣ ਵਿਚ ਹੀ 1300 ਕਰੋੜ ਸਾਲ ਲੱਗ ਜਾਂਦੇ ਹਨ। ਇਸ ਸ਼੍ਰਿਸ਼ਟੀ ਬਾਰੇ ਪੂਰਾ ਗਿਆਨ ਹਾਸਲ ਕਰਨ ਲਈ, ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਵਾਸਤੇ, ਇਸ ਲਈ ਘੱਟ ਤੋਂ ਘੱਟ 1300 ਸਾਲ ਚਾਹੀਦੇ ਹਨ। ਨਾਲੇ ਫਿਰ ਇਹ ਸ਼੍ਰਿਸ਼ਟੀ ਰੌਸ਼ਨੀ ਦੀ ਰਫਤਾਰ ਨਾਲ ਲਗਾਤਾਰ ਫੈਲ ਵੀ ਰਹੀ ਹੈ। ਕਹਿਣ ਤੋਂ ਭਾਵ ਹੈ ਕਿ ਵਿਗਿਆਨਕ ਢੰਗਾਂ ਨਾਲ ਇਸ ਸ਼੍ਰਿਸ਼ਟੀ ਦੀ ਸਮੁੱਚਤਾ ਨੂੰ ਜਾਣ ਲੈਣਾ ਸੰਭਵ ਹੀ ਨਹੀਂ ਹੈ। ਇਸ ਸਮੁੱਚਤਾ ਦੇ ਪੂਰੇ ਗਿਆਨ ਦੀ ਗੈਰ ਹਾਜ਼ਰੀ ਵਿਚ ਇਸ ਦੇ ਕਿਸੇ ਇੱਕ ਹਿੱਸੇ ਦਾ ਗਿਆਨ ਸਹੀ ਗਿਆਨ ਵੀ ਨਹੀਂ ਹੋ ਸਕਦਾ। ਅਵਿੱਦਿਆ ਹੀ ਕਹਾਵੇਗੀ।

ਇਸ ਲਈ ਮਨੁੱਖੀ ਚੇਤਨਾ, ਮਨੁੱਖ ਦੀਆਂ ਗਿਆਨ ਇੰਦਰੀਆਂ ਦੁਆਰਾ ਟਾਈਮ ਸਪੇਸ ਦੀ ਰੋਸ਼ਨੀ,ਆਵਾਜ਼ ਅਤੇ ਸੁਗੰਧ ਅਣੂਆਂ ਆਦਿ ਰਾਹੀਂ ਇਕੱਤਰ ਕੀਤੀ ਸੀਮਤ ਜੇਹੀ ਜਾਣਕਾਰੀ ਦਾ ਹੀ ਵਿਸ਼ਲੇਸ਼ਣ/ਸੰਸਲੇਸ਼ਣ ਹੈ। ਸਤਿ, ਜੋ ਕਿ ਸਮੁੱਚੇ ਟਾਈਮ ਸਪੇਸ ਦੀ ਤਤਕਾਲੀਨ ਜਾਣਕਾਰੀ ਹੈ, ਮਨੁੱਖੀ ਚੇਤਨਾ ਦਾ ਵਿਸ਼ਾ ਹੀ ਨਹੀਂ ਹੋ ਸਕਦਾ। ਇਸ ਲਈ ਜੇਕਰ ਸਤਿ ਦਾ ਗਿਆਨ ਵਿੱਦਿਆ ਹੈ, ਤਾਂ ਮਨੁੱਖੀ ਚੇਤਨਾ ਦੁਆਰਾ ਗਿਆਨ ਇੰਦੀਆਂ ਰਾਹੀਂ ਇਕੱਤਰ ਕੀਤੀ ਜਾਣਕਾਰੀ ਦਾ ਵਿਸ਼ਲੇਸ਼ਣ/ਸੰਸਲੇਸ਼ਣ ਦੁਆਰਾ ਗ੍ਰਹਿਣ ਕੀਤੀ ਅੰਤਰ ਦ੍ਰਿਸ਼ਟੀ ਅਵਿੱਦਿਆ ਹੈ। ਸੋ ਮਨੁੱਖੀ ਚੇਤਨਾ ਸਤਿ ਦੀ ਦਰਸ਼ਕ ਹੀ ਨਹੀਂ ਹੈ ਅਤੇ ਨਾ ਹੀ ਅਵਿੱਦਿਆ ਸਤਿ ਦਾ ਦਰਸ਼ਨ ਹੋ ਸਕਦੀ ਹੈ।

ਟਾਈਮ ਸਪੇਸ ਦੀ ਗਿਆਨ ਇੰਦਰੀਆਂ ਦੁਆਰਾ ਗ੍ਰਹਿਣ ਕੀਤੇ ਜਾਣ ਵਾਲੀ ਸੂਚਨਾ ਉੱਪਰ ਸਭ ਤੋਂ ਵੱਧ ਪਾਬੰਦੀ ਰੌਸ਼ਨੀ ਦੀ ਗਤੀ ਦੀ ਸੀਮਾਂ ਨੇ ਲਗਾਈ ਹੋਈ ਹੈ। ਇਸੇ ਸੀਮਾਂ ਕਰਕੇ ਮਨੁੱਖ ਇੱਕੋ ਦਿਸ਼ਾ ਵਿਚ ਚੱਲ ਰਹੀ ਸਮੇਂ ਦੀ ਬੰਦ ਗੱਡੀ ਵਿਚ ਕੈਦ ਹੈ। ਉਹ ਸਮੇਂ ਦੀ ਵਾਦੀ ਵਿੱਚ ਉਸੇ ਤਰ੍ਹਾਂ ਆਜ਼ਾਦ ਨਹੀਂ ਘੁੰਮ ਸਕਦਾ ਜਿਵੇਂ ਕਿ ਉਹ ਇੱਕ ਸ਼ਹਿਰ ਵਿਚ ਜਾਂ ਇਸ ਧਰਤੀ ਉੱਪਰ ਜਾਂ ਸਾਰੀ ਸਪੇਸ ਵਿਚ ਘੁੰਮ ਸਕਦਾ ਹੈ। ਉਹ ਜਦੋਂ ਚਾਹੇ ਹਵਾਈ ਜਹਾਜ਼ ਉੱਪਰ ਸਵਾਰ ਹੋ ਕੇ ਹਜ਼ਾਰਾਂ ਮੀਲਾਂ ਦਾ ਸਫ਼ਰ ਘੰਟਿਆਂ ਵਿਚ ਤਹਿ ਕਰਕੇ ਆਪਣੇ ਜਨਮ ਸਥਾਨ ਦੇ ਦਰਸ਼ਨ ਕਰ ਸਕਦਾ ਹੈ, ਪਰ ਕਿਸੇ ਵੀ ਤਰ੍ਹਾਂ ਨਾਲ ਅਤੇ ਕਿਸੇ ਵੀ ਵਾਹਨ ਰਾਹੀਂ ਚਾਲੀ ਸਾਲ ਦਾ ਸਫ਼ਰ ਤਹਿ ਕਰਕੇ ਆਪਣੇ ਜਨਮ ਦਿਨ ਦੀ ਘਟਨਾ ਦਾ ਮੁੜ ਦਰਸ਼ਕ ਨਹੀਂ ਬਣ ਸਕਦਾ। ਕਿਉਂਕਿ ਅਜਿਹਾ ਨਹੀਂ ਹੋ ਸਕਦਾ, ਇਸ

ਲਈ ਉਸ ਵਾਸਤੇ ਮੌਤ ਅਟੱਲ ਹੈ। ਮਨੁੱਖ ਅੰਦਰ ਮੌਤ ਦਾ ਭੈਅ ਵੀ ਇਸੇ ਗੱਲ ਨਾਲ ਜੁੜਿਆ ਹੋਇਆ ਹੈ।

ਸਮੁੱਚੇ ਟਾਈਮ ਸਪੇਸ ਦੀ ਸੰਗਠਿਤ ਅਤੇ ਤਤਕਾਲੀਨ ਚੇਤਨਾ (ਸਵੈ-ਗਿਆਨ) ਤੋਂ ਵਿਯੋਗ ਕਾਰਨ ਉਸ ਦੇ ਵਿਭਿੰਨ ਹਿੱਸਿਆਂ ਜਾਂ ਅੰਗਾਂ ਦੁਆਰਾ ਗ੍ਰਹਿਣ ਕੀਤੇ ਜਾਣ ਵਾਲੀ ਅਵਿਦਿਆ ਹੀ ਉਸਦੀ ਵੱਖਰੀ ਹੋਂਦ ਦੇ ਭਰਮ ਦਾ ਕਾਰਨ ਬਣਦੀ ਹੈ। ਇਸ ਵੱਖਰੀ ਹੋਂਦ ਦਾ ਅਹਿਸਾਸ ਹਉਮੈ ਹੈ। ਹਉਮੈ ਕਾਰਨ ਹੀ ਇਹ ਵੱਖਰੀ ਹੋਂਦ ਹੈ।

ਇਸ ਗੱਲ ਨੂੰ ਸਮਝਣ ਲਈ ਟੈਲੀਵੀਜ਼ਨ ਦੀ ਉਦਾਹਰਣ ਸਹਾਈ ਹੋ ਸਕਦੀ ਹੈ। ਟੈਲੀਵੀਜ਼ਨ ਦੀ ਸਕਰੀਨ ਤੇ ਆਉਣ ਵਾਲੀ ਫਿਲਮ ਟੈਲੀਵੀਜ਼ਨ ਸੈੱਟ ਦੇ ਅੰਦਰੂਨੀ ਢਾਂਚੇ ਦੀ ਆਪਣੀ ਨਿੱਜੀ ਪੈਦਾਵਾਰ ਨਹੀਂ ਹੁੰਦੀ। ਪਰ ਇੱਕ ਅਨਜਾਣ ਵਿਅਕਤੀ ਨੂੰ, ਜਿਸ ਪਾਸ ਵਿੱਦਿਆ ਨਹੀਂ ਹੈ, ਇੰਝ ਹੀ ਪ੍ਰਤੀਤ ਹੋਵੇਗਾ ਜਿਵੇਂ ਕਿ ਉਹ ਫਿਲਮ ਉਸ ਟੈਲੀਵੀਜ਼ਨ ਸੈੱਟ ਦੀ ਆਪਣੀ ਹੀ ਪੈਦਾਵਾਰ ਹੋਵੇ। ਉਸ ਨੂੰ ਨਹੀਂ ਪਤਾ ਹੁੰਦਾ ਕਿ ਇਸ ਫਿਲਮ ਦੀ ਟੈਲੀਕਾਸਟਿੰਗ ਦੇ ਪਿੱਛੇ ਕੀ ਕੁਝ ਕੰਮ ਕਰ ਰਿਹਾ ਹੈ। ਉਸ ਨੂੰ ਇਹ ਬਿਲਕੁਲ ਨਹੀਂ ਪਤਾ ਹੁੰਦਾ ਕਿ ਇਸ ਫਿਲਮ ਦੀ ਸਿਰਜਨਾ ਵਿਚ ਟੈਲੀਵੀਜ਼ਨ ਸੈੱਟ ਦਾ ਕੋਈ ਯੋਗਦਾਨ ਨਹੀਂ ਹੁੰਦਾ। ਟੈਲੀਵੀਜ਼ਨ ਸੈੱਟ ਤਾਂ ਕੇਵਲ ਉਸ ਦੀ ਪੇਸ਼ਕਾਰੀ ਦਾ ਇੱਕ ਮਾਧਿਅਮ ਮਾਤਰ ਹੀ ਹੈ। ਇਸ ਸੰਸਾਰ ਵਿਚ ਮਨੁੱਖ ਦੀ ਸਥਿਤੀ ਵੀ ਇਹੋ ਜੇਹੀ ਹੀ ਹੈ, ਉਸ ਨੂੰ ਹਉਮੈ ਕਾਰਨ, ਇਹ ਪਤਾ ਹੀ ਨਹੀਂ ਚਲਦਾ ਕਿ ਉਸ ਦੀ ਜ਼ਿੰਦਗੀ ਦੀ ਫਿਲਮ ਦੀ ਪੇਸ਼ਕਾਰੀ ਦਾ ਉਹ ਤਾਂ ਕੇਵਲ ਇੱਕ ਟੈਲੀਵੀਜ਼ਨ ਸੈੱਟ ਹੀ ਹੈ।

*ਚਲਦਾ....*

*ਪੁਸਤਕ 'ਰਾਗ ਨਾਦ ਸਬਦਿ ਸੋਹਣੇ' ਵਿਚੋਂ ਧੰਨਵਾਦ ਸਹਿਤ*

**THE SIKH REVIEW**
**(A Monthly Magazine)**
**116, Karnani Mansion**
**25-A, Park Street, Kolkata**

HELP NEEDY
SHARE THE BLESSINGS
HELP NEEDY

? TO LIVE LONG
LEAD NATURAL LIFE
? TO LIVE MEANINGFUL LIFE
JOIN TEAM HELP NEEDY
? TO LIVE FOR EVER
DONATE
• BLOOD • EYES • TISSUES • ORGANS • WHOLE BODY
A UNIQUE GIFT OF LIFE
AN ISO 9001 - 2000 CERT. TRUST
**SEWAKS' Charitable Trust (Regd.)**
Regd. Office : SCO 1104-05, First Floor, Sector 22-B, Chandigarh-160 022 (INDIA)
Tel. : 0172-5012763, 93161-36268, 98722-84141 Fax : 0172-5012763
e-mail : sewaks@sewaks-helpneedy.com website : www.sewaks-helpneedy.com
BRANCH OFFICE : 2477, STREET 15, DASHMESH NAGAR, LUDHIANA (PUNJAB) PH: 2490820, 98156-18154
+ Medical Sewa Centre : Village Jhanjeri, P.O. Landran, Tehsil Kharar, Distt. S.A.S. Nagar (PUNJAB)
+ Medical Sewa Centre : Lal Kothi, Village Behlon, Morni Hills, Distt. Panchkula (HARYANA)
+ Baba Ram Singh Ji Chugh MEDICAL SEWA HOSPITAL, Vill. Gatauli, Teh. & Distt. Solan (H.P.)
IN THE SERVICE OF HUMANITY SINCE 1994

## ਪੁਸਤਕ ਸਮੀਖਿਆ
## ਸ. ਸਤਨਾਮ ਸਿੰਘ ਖਾਲਸਾ ਐਡਵੋਕੇਟ ਕ੍ਰਿਤ-ਨਾਨਕ ਨਿਰਮਲ ਪੰਥ ਚਲਾਯਾ

ਜਸਪ੍ਰੀਤ ਸਿੰਘ ਜਗਰਾਉਂ

ਧਰਮ ਕੋਈ ਲਿਬਾਸ ਜਾਂ ਗਹਿਣਾ ਨਹੀਂ ਹੈ ਤੇ ਨਾ ਹੀ ਇਹ ਕੋਈ ਨਿਰੋਲ ਧਾਰਮਿਕ ਚਿੰਨ੍ਹ ਜਾਂ ਗ੍ਰੰਥ ਹੈ, ਜੋ ਆਪਣੇ ਧਾਰਕ ਨੂੰ ਹੀ ਸੱਚਾ ਧਾਰਮਿਕ ਹੋਣ ਦਾ ਹੱਕ ਦੇਵੇ। ਧਰਮ ਇਕ ਮਾਰਗ ਹੈ, ਸੱਚ ਦਾ, ਸਬਰ-ਸੰਤੋਖ ਦਾ, ਸਹਿਜ ਦਾ, ਹਲੀਮੀ ਦਾ, ਪਿਆਰ, ਭਾਈਚਾਰੇ ਤੇ ਸਾਂਝੀਵਾਲਤਾ ਦਾ, ਜਿਸ 'ਤੇ ਨਿਰੰਤਰ ਚਲਦੇ ਰਹਿਣਾ ਹੀ ਇਕ ਸਾਧਕ ਦਾ ਧਰਮ ਹੈ। ਕਿਸੇ ਵੀ ਤਰ੍ਹਾਂ ਦੀ ਧਾਰਮਿਕ ਕੱਟੜਤਾ ਤੇ ਜਨੂੰਨ ਤੋਂ ਦੂਰ ਰਹਿਣ ਵਾਲਾ ਸਾਧਕ ਹੀ ਇਸ ਸੱਚ ਦੇ ਮਾਰਗ ਦਾ ਸੱਚਾ ਪਾਂਧੀ ਬਣ ਸਕਦਾ ਹੈ, ਫਿਰ ਚਾਹੇ ਉਹ ਰਾਮਾਇਣ ਦੀ ਉਂਗਲੀ ਫੜ ਕੇ ਚੱਲੇ ਜਾਂ ਕੁਰਾਣ ਸ਼ਰੀਫ਼ ਦੀ, ਚਾਹੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਮਾਰਗ ਦਰਸ਼ਕ ਮੰਨ ਕੇ ਚੱਲੇ ਜਾਂ ਬਾਈਬਲ ਨੂੰ....।

ਕੁਝ ਅਜਿਹੇ ਹੀ ਵਿਚਾਰਾਂ ਦੀ ਤਰਜਮਾਨੀ ਕਰਦੀ ਪੁਸਤਕ ਹੈ- ਨਾਨਕ ਨਿਰਮਲ ਪੰਥ ਚਲਾਯਾ ।ਇਹ ਲੇਖਕ ਸ.ਸਤਨਾਮ ਸਿੰਘ ਖਾਲਸਾ ਐਡਵੋਕੇਟ ਦੀ ਸਤਾਰਵੀਂ ਪੁਸਤਕ ਹੈ। ਉਹਨਾਂ ਨੇ ਪਿਛਲੇ ਲਗਭਗ ਤੀਹ ਸਾਲਾਂ ਵਿਚ ਨਿਰੋਲ ਆਪਣੇ ਦਸਵੰਧ ਵਿਚੋਂ ਨਾ ਕੇਵਲ ਇਹ ਪੁਸਤਕਾਂ ਹਜ਼ਾਰਾਂ ਦੀ ਗਿਣਤੀ ਵਿਚ ਛਪਵਾਈਆਂ ਹਨ ਸਗੋਂ ਵੱਧ ਤੋਂ ਵੱਧ ਹੱਥਾਂ ਤੱਕ ਪਹੁੰਚਾਈਆਂ ਵੀ ਹਨ।ਇਹਨਾਂ ਪੁਸਤਕਾਂ ਵਿਚ ਲੇਖ ਸੰਗ੍ਰਹਿ, ਜੀਵਨੀਆਂ, ਸਿੱਖ ਇਤਿਹਾਸਕ ਡਾਇਰੈਕਟਰੀਆਂ ਤੇ ਯਾਤਰਾ ਗਾਈਡਾਂ ਪ੍ਰਮੁੱਖ ਹਨ।

ਪੁਸਤਕ ਨਿਰਮਲ ਪੰਥ ਚਲਾਯਾ ਵਿਚ ਲੇਖਕ ਨੇ ਬੜੀ ਹੀ ਸਰਲ, ਸਹਿਜ ਤੇ ਸੰਵੇਦਨਸ਼ੀਲ ਭਾਸ਼ਾ ਰਾਹੀਂ ਜਿੱਥੇ ਗੁਰੂ ਨਾਨਕ ਦੀ ਸਰਬੱਤ ਦੇ ਭਲੇ ਦੀ ਅਰਦਾਸ ਦਾ ਚਿੰਤਨ ਕੀਤਾ ਹੈ, ਉਥੇ ਗੁਰੂ ਸਾਹਿਬ ਦੇ ਵੇਲੇ ਦੀ ਸਮਾਜਿਕ ਤੇ ਧਾਰਮਿਕ ਹਾਲਤ ਦਾ ਸੁਚੱਜਾ ਵਰਨਣ ਕਰਕੇ ਪਾਠਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਣ ਦਾ ਯਤਨ ਵੀ ਕੀਤਾ ਹੈ। ਹਥਲੀ ਪੁਸਤਕ ਵਿਚ ਲੇਖਕ ਨੇ ਜਿਸ ਸੰਖੇਪਤਾ ਤੇ ਸੰਖੇਪਤਾ ਨਾਲ ਸਿਮਰਨ ਦੀ ਸ਼ਕਤੀ, ਸਿੱਖ, ਗੁਰੂ, ਸੰਤ, ਗੁਰਸਿੱਖ, ਸਤਿਗੁਰੂ, ਜੋਗੀ, ਸੰਨਿਆਸੀ, ਸੂਰਮਾ ਤੇ ਅੰਮ੍ਰਿਤ ਆਦਿ ਸੂਖਮ ਵਿਸ਼ਿਆਂ ਨੂੰ ਪਰਿਭਾਸ਼ਤ ਕੀਤਾ ਹੈ, ਉਹ ਵੀ ਪ੍ਰਸੰਸਾਯੋਗ ਹੈ। ਸਮੁੱਚੇ ਤੌਰ ਤੇ ਪੁਸਤਕ ਨਾਨਕ ਨਿਰਮਲ ਪੰਥ ਚਲਾਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ ਸਾਂਝੇ ਉਪਦੇਸ਼ਾਂ ਅਤੇ ਸੇਵਾ, ਸਿਮਰਨ ਤੇ ਸੂਰਬੀਰਤਾ ਦੇ ਪੁੰਜ ਸਿੱਖ ਧਰਮ ਦੇ ਵਿਲੱਖਣ ਭਗਤਾਂ ਤੇ ਸ਼ਹੀਦਾਂ ਦੇ ਆਦਰਸ਼ਕ ਮਾਨਵਵਾਦੀ ਉਦੇਸ਼ਾਂ ਦੇ ਪ੍ਰਚਾਰ ਤੇ ਪਾਸਾਰ ਦਾ ਇਕ ਸੁਚਾਰੂ ਯਤਨ ਹੈ, ਜਿਸ ਨੂੰ ਆਪਣੇ ਨਜ਼ਰੀਏ ਵਿਚ ਥੋੜ੍ਹਾ ਹੋਰ ਲਚਕੀਲਾਪਣ ਲਿਆ ਕੇ ਲੇਖਕ ਹੋਰ ਉਸਾਰੂ ਤੇ ਸੁਚਾਰੂ ਬਣਾ ਸਕਦਾ ਹੈ। ਦੁਨੀਆ ਦੇ ਸਭ ਤੋਂ ਵਿਲੱਖਣ ਧਰਮ ਸਿੱਖ ਧਰਮ ਦੇ ਉਪਦੇਸ਼ਾਂ ਤੇ ਉਦੇਸ਼ਾਂ ਪ੍ਰਤੀ ਕੱਲ੍ਹ, ਅੱਜ ਤੇ ਭਲਕ ਦੀ ਪੀੜ੍ਹੀ ਦਾ ਮਾਰਗ ਦਰਸ਼ਨ ਕਰਨਾ ਹੀ ਇਸ ਪੁਸਤਕ ਦਾ ਸਾਰ ਹੈ, ਜਿਸ ਵਿਚ ਲੇਖਕ ਦੀ ਸੇਵਾ ਭਾਵਨਾ, ਮਿਹਨਤ ਤੇ ਹਿੰਮਤ ਕਾਫੀ ਹੱਦ ਤੱਕ ਸਫ਼ਲ ਵੀ ਰਹੀ ਹੈ। ਇਸ ਨਿਸ਼ਕਾਮ ਸੇਵਾ ਉਪਰਾਲੇ ਲਈ ਲੇਖਕ ਪ੍ਰਸੰਸਾ ਦਾ ਹੱਕਦਾਰ ਹੈ।

*ਮਾਰਫ਼ਤ-144/8, ਮੁਹੱਲਾ-ਅਰੋੜਾ,*
*ਸੈਫ਼ਾਬਾਦੀ ਗੇਟ, ਪਟਿਆਲਾ-147001*

Phone : (O) 011-23312440

Sawhney Cloth House

46, Shanker Market, Connaught Circus, New Delhi - 110 001

# RATNA ROY SHINES IN KIRTAN

Courtely -The Sikh Review

MOST MIDDLE CLASS HOMES in Bengal are repositories of fine arts. Rabindra Sangeet is invariably a cherished virtue. It is worth recalling that Tagor's father, Rishi Debendranath used to pay annual visits to Amritsar in late 1860's and joined the SANGAT at holy Harimandir Sahib to listen to GURVANI –KIRTAN - an experience which Tagore has recorded in his autobiography.

Likewise, the earlier Nineteenth century reformist movement. Brahmo Samaj disseminated the spirit of Guruvani. Even today there are many homes in Calcutta where Ashtapadis of Sukhmani are recited or sung on a daily basis. Among such blessed families is the extraordinary singer of GURUVANI Kirtan, Ratna Roy of Calcutta's Golfing Green Complex.

She not only inherited a penchant for classical music, but cultivated the skill to be able to read and write Gurmukhi script in original. Grand-daughter of late Chief Justice Sankar Prasad Mitra (on father's side) and Nanda lal Bose, deputy magistrate in Bhagalpur (Bihar-then a part of Bengal), her childhood flourished in a deeply cultural milieu, graced by the famous poet Sarat Chandra Chatterjee "Banaphool", and yesteryears' thespian actor Ashok Kumar.

Ratna, who is much in demand at Gurupurab celebrations, (and makes newspaper headlines for the right reason) is a graduate of the century-old Bethune College. She is married to My Roy- an equally distinguished scion of a professor of English in Chandausi College, U.P. who recognized her musical talent and encouraged her to persue music earnestly. A Sikh lady in her neighbourhood put her on to study- and link up- Guruvani hymns. The combination proved inspirational. She became a regular invitee at Guruvani Santsang and Gurpurabs. She even made a cassette 'AMRIT PIYO' in 1990, and was promptly invited by Delhi DGPC to sing at Guru Nanak Prakash Utsav.

With a grown-up software engineer son and a daughter, Ratna continues to practice and excel in Guruvani Music- as her holy passion and inspiration, She still treasures her Siropa/ Sanman Patra conferred on her by no less than the late Sr.Gurcharan Singh Tohra at the 1999 Khalsa Trecentenary Celebration.

**ਸੂਚਨਾ** ਹੁਣ ਤੁਸੀਂ ਅੰਮ੍ਰਿਤ ਕੀਰਤਨ E-mail ਰਾਹੀਂ ਪ੍ਰਾਪਤ ਕਰ ਸਕਦੇ ਹੋ। ਆਪਣਾ E-mail ਐਡਰੈਸ drjagirsingh@gmail.com 'ਤੇ ਭੇਜੋ ਜੀ।

Sumeet Kaur

# EFFECTIVE TIME - MANAGEMENT

Time is a scarce resource. It is irreplaceable and irreversible so, it is important that we save time and spend it wisely. Although we know that each hour has 60 minutes and each minute has 60 seconds we experience time in different ways. as we advance in life, we acquire a keener sense of the value of time. Time spent in purposeful activity can fly past. Hence Time-Management is most likely to be attractive to busy people.

**Time Discipline:** He who knows how not to waste time can do first anything and will be the lord of what ever he wants. Franklin said 'Remember Time is Money" and both Time and Money are limited resourses: Time,like money is available commodity. As the Chinese prover says, "An inch of Gold cannot by an inch of time, so time is more precious than money. As most of us try and save our money and invest it wisely, how much more should we avoid wasting our time and investing it with energy to good effect.

**Common Time Problems:**

*1) Post pone Things Which Need To Be Done:-* If you have the habits of postponing, ask yourself "Why are you putting this off". So think over and take action today. By postponing today's work, you store more work for tomorrow. Hence BANISH the word tomorrow if you want to be a good Time-Manager. Be tough with yourself but start now by doing something that have been postponing.

*2) Poor Delegation:-* Delegation saves time because failure to delegate eats your time.: Delegate as much as you can. Delegation means transferring the work and giving authority to another person for agreed tasks. You just need to control and check performance. The aim is to leave yourself free to do the work only you can do.

**Time Managerment- A Personal Challenge:** A key suggestion is to adopt a scientists approach to Time-Management and put time under the microscope. So you should keep a time log, a record of how you are spending your time. The purpose of a Time-Log is to divide each day into 15 minute intervals. At the end of each hour your record how your previous hour was spent. It takes self-discipline to get started. After a week, you'll know how your time is spent, and check on if your time allocations reflect your priorities, is the bulk of your time spent on core responsibilities of your job? Analyse Your time spent and improve on yourself.

**How To Plan for Life:** Not all think of their life as a journey but if we do it will be of great help. Some journeys have objectives and routes and others are explorations into the unknown.

**Know your Values**:- Values are

important. So by choosing an object and devoting ourselves to it, we create value. So be aware of values which influence your life choices now.: If you want to enjoy one of the greatest luzuries in life, the luzury of having enough time, time to rest, time to get things done to the best of your ability, there is only one way. Take enough time to THINK and PLAN things in order of their importance. Your life will become more meaningful, exciting.

Efficiency is doing thing right while effectiveness is doing the right things. But how do you know what are the right things to be doing with your time. So ask yourself (1) What are my goals in the next 3 months (2) What do I Have to accomplish, and progress (3) How should my life and work be different in a years time from now. Imagine your mind has 2 lenses, a wide angle lens to see a wider picture and your telescopic lens to focus on a particular area. So imagine yourself in a helicopter viewing the next 6 months.

A plan gives you something to work on.. But it is only half the battle. The other half is to implement it. Be clear in your goals. Like silver gold the genuine article should bear hallmarks such as being specific, measurable and subject to deadline.

*If you want somethings to happen, You must make Time and Space for It.*

**Planning for the Day:** It is essential to compile a programme for the day. You can plan the night before. Make time for important things and Try and enjoy what you are doing.It's not enough to be busy. The question is: What are you busy about.

**Making Best Use Of Your Time**

Find out when you have maximum energy. For most people, it is early in the morning. Use this time for your most important work. The early bird usually catches the worm.

If glass bottle and cardboard boxes can by recycled, why not time. You can recover some time during the day when you are not fully occupies. Eg. waiting for a dental appointment, waiting at airports, stations so snatch away time from such moments. You could use such time for reading,meditation, write a letter. Even when you watch TV, choose your programes, even commercial breaks could be used. Review your daily routines and see where you could save time. Conserve your energy and build your health by following golden rule of Moderation. Reflect for sometime each day on things like "Are your priorities right ,are you missing some blessings in disguise. Recognise symptoms of stress. Apply a 7 Steps process to cope with stress.(1) Take Action (2) Express feelings (3)Review priorities (4) Accept what you cannot change(5)Put your experience to use (6)Check Time-management skills(7) Lastly never forget to count your blessings.

Live one day at a time you cant change what happened yesterday. But you can make tommorow better by living well today.

**Daily Prayer**:- Lord,there's never enough time for everything. Help me to do a little less, a little better.

*RH 4, Konark Pooram, Kondhwa, Pune 48*

# ਸੁਰ ਲਿਪੀ

## ਹਰਦੀਪ ਕੌਰ

***ਰਾਗੁ ਸਾਰੰਗ***

ਭਾਰਤੀ ਅਤੇ ਸ਼ਾਸਤਰੀ ਸੰਗੀਤ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲਾ ਰਾਗ ਸਾਰੰਗ ਮਧੁਰ ਅਤੇ ਸਰਲ ਰਾਗ ਹੈ, ਜਿਸ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਵਿਚ ਦੋ ਨਿਸ਼ਾਦ ਲੱਗਦੇ ਹਨ। ਗੰਧਾਰ ਅਤੇ ਧੈਵਤ ਵਰਜਿਤ ਹਨ। ਇਸ ਲਈ ਜਾਤੀ ਔਡਵ-ਔਡਵ ਹੈ। ਆਰੋਹ ਵਿਚ ਨਿਸ਼ਾਦ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਲਗਦਾ ਹੈ। ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਇਹ ਪੂਰਵਾਂਗਵਾਦੀ ਰਾਗ ਹੈ। ਸਾਰੰਗ ਦਾ ਪ੍ਰਮੁੱਖ ਅੰਗ 'ਨੁਪ ਮਰ' ਹੈ ਜਿਸ ਤੋਂ ਰਾਗ ਦਾ ਸਰੂਪ ਸਥਾਪਿਤ ਹੋ ਜਾਂਦਾ ਹੈ।

ਥਾਟ – ਕਾਫੀ ( ਦੋਨੋਂ 'ਨ')
ਜਾਤੀ – ਔਡਵ-ਔਡਵ ('ਗ' ਅਤੇ 'ਧ' ਵਰਜਿਤ)
ਸਮਾਂ – ਦਿਨ ਦਾ ਤੀਜਾ ਪਹਿਰ
ਵਾਦੀ – ਰ
ਸੰਵਾਦੀ – ਪ
ਆਰੋਹ – ਨ਼ ਸ ਰ ਮ ਪ ਨ ਸਂ।
ਅਵਰੋਹ – ਸਂ ਨੁ ਪ ਮ ਰ ਸ।
ਮੁੱਖ ਅੰਗ – ਨ਼ ਸ ਰ, ਮ ਰ, ਪ ਮ ਰ ਨ਼ ਸ।

***ਤਿੰਨ ਤਾਲ***

| × | | | | ੨ | | | | 0 | | | | ੩ | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਸਥਾਈ | | | | | | | | | | | | | | | |
| | | | | | | | | ਨ਼ | ਸ | ਰ | ਮ | ਪ | - | ਪ | - |
| | | | | | | | | *ਠਾ* | *ऽ* | *ਕੁ* | *ਰ* | *ਤੁ* | *ਮ* | *ਸ* | *ਰ* |
| | | | | | | | | Ṇ | S | R | M | P | - | P | - |
| | | | | | | | | **THAA -** | | **KU** | **R** | **TU** | **M** | **SA** | **R** |
| ਮ | ਰ | ਸ | ਨ਼ | ਸ | - | ਸ | - | ਰ | ਰ | ਮ | ਮ | ਪ | - | ਪ | - |
| *ਣਾ* | *ऽ* | *ਈ* | *ऽ* | *ਆ* | *ऽ* | *ਇ* | *ਆ* | *ਉ* | *ਤ* | *ਰਿ* | *ਗ* | *ਇ* | *ਓ* | *ਮੇ* | *ਰੇ* |
| M | R | S | Ṇ | S | - | S | - | R | R | M | M | P | - | P | - |
| **NAA** | **-** | **EE** | **-** | **AA** | **-** | **I** | **AA** | **U** | **TA** | **R** | **GA** | **I** | **O** | **MAY** | **RAY** |
| ਨੁ | ਪ | ਮ | ਰ | ਸ | ਨ਼ | ਸ | - | ਮ | ਪ | ਨ | ਨ | ਸਂ | - | ਸਂ | - |
| *ਮ* | *ਨ* | *ਕਾ* | *ऽ* | *ਸੰ* | *ऽ* | *ਸਾ* | *ऽ* | *ਜ* | *ਬ* | *ਤੇ* | *ऽ* | *ਦ* | *ਰ* | *ਸ* | *ਨੁ* |
| N̲ | P | M | R | S | Ṇ | S | - | M | P | N | N | Ṡ | - | Ṡ | - |
| ***MA*** | ***N*** | ***KAA*** | ***-*** | ***SAN*** | ***-*** | ***SAA*** | ***-*** | ***JA*** | ***B*** | ***TAY*** | ***-*** | ***DA*** | ***R*** | ***SA*** | ***N*** |
| ਨੁ | ਪ | ਮ | ਰ | ਸ | ਨ਼ | ਸ | - | | | | | | | | |
| *ਪਾ* | *ऽ* | *ऽ* | *ऽ* | *ਇ* | *ਆ* | *ऽ* | *ऽ* | | | | | | | | |
| N̲ | P | M | R | S | Ṇ | S | - | | | | | | | | |
| **PAA** | **-** | **-** | **-** | **I** | **AA** | **-** | **-** | | | | | | | | |

| ਅੰਤਰਾ | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | ਪ | ਨ਼ | ਪ | ਨ | ਨ |
| | | | | | | | | ਅ | ਨ | ਬੋ | ऽ | ਲ | ਤ | ਮੇ | ਰੀ |
| | | | | | | | | M | M | P | P | N̲ | P | N | N |
| | | | | | | | | **A** | **N** | **BO** | **-** | **LA** | **T** | **MAY** | **REE** |
| ਸਂ | - | ਸਂ | - | ਰਂ | ਨ | ਸਂ | - | ਨ | ਸਂ | ਰਂ | ਮਂ | ਰਂ | ਰਂ | ਸਂ | ਸਂ |
| ਬਿ | ਰ | ਥਾ | ऽ | ਜਾ | ऽ | ਨੀ | ऽ | ਅ | ਪ | ਨਾ | ऽ | ਨਾ | ऽ | ਮੁ | ਜ |
| Ṡ | - | Ṡ | - | Ṙ | N | Ṡ | - | N | Ṡ | Ṙ | Ṁ | Ṙ | Ṙ | Ṡ | Ṡ |
| **BI** | **R** | **THAA-** | | **JAA** | **-** | **NEE** | **-** | **A** | **P** | **NAA** | **-** | **NAA** | **-** | **M** | **JA** |
| ਨ | ਸਂ | ਰਂ | ਸਂ | ਨ਼ | ਨ਼ | ਪ | - | | | | | | | | |
| ਪਾ | ऽ | ਇ | ऽ | ਆ | ऽ | ऽ | ऽ | | | | | | | | |
| N | Ṡ | Ṙ | Ṡ | N̲ | N̲ | P | - | | | | | | | | |
| **PAA** | **-** | **I** | **-** | **AA** | **-** | **-** | **-** | | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

**ਸਾਰੰਗ ਮਹਲਾ ੫ ॥**

**ਠਾਕੁਰ ਤੁਮ ਸਰਣਾਈ ਆਇਆ ॥**
**ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥**

O my Lord and Master, I have come to Your Sanctuary. The anxiety of my mind departed, when I gazed upon the Blessed Vision of Your Darshan ||1|| Pause||

ਹੇ (ਮੇਰੇ) ਮਾਲਕ ਪ੍ਰਭੂ! (ਮੈਂ) ਤੇਰੀ ਸਰਨ ਆਇਆ ਹਾਂ। ਜਦੋਂ ਤੋਂ ਮੈਂ ਤੇਰਾ ਦਰਸ਼ਨ ਕੀਤਾ ਹੈ। (ਤਦੋਂ ਤੋਂ ਹੀ) ਮੇਰੇ ਮਨ ਤੋਂ (ਹਰੇਕ) ਸਹਿਮ ਲਹਿ ਗਿਆ ਹੈ।੧। ਰਹਾਉ॥

**ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥**
**ਦੁਖ ਨਾਠੇ ਸੁਖ ਸਹਿਜ ਸਮਾਏ ਅਨਦ ਅਨਦ ਗੁਣ ਗਾਇਆ ॥੧॥**

You know my condition, without my speaking. You inspire me to chant Your Name. My pains are gone, and I am absorbed in peace, poise and bliss, singing Your Glorious Praises||1||

ਹੇ (ਮੇਰੇ) ਮਾਲਕ ਪ੍ਰਭੂ! ਤੂੰ (ਸਦਾ ਹੀ ਮੇਰੇ) ਬਿਨਾ ਬੋਲਣ ਦੇ ਮੇਰਾ ਦੁੱਖ ਸਮਝ ਲਿਆ ਹੈ, ਤੂੰ ਆਪ ਹੀ ਮੈਥੋਂ ਆਪਣਾ ਨਾਮ ਜਪਾਇਆ ਹੈ। ਜਦੋਂ ਤੋਂ ਬੜੇ ਆਨੰਦ ਨਾਲ ਮੈਂ ਤੇਰੇ ਗੁਣ ਗਾਂਦਾ ਹਾਂ, ਮੇਰੇ (ਸਾਰੇ) ਦੁੱਖ ਦੂਰ ਹੋ ਗਏ ਹਨ, ਸੁੱਖਾਂ ਵਿਚ ਆਤਮਕ ਅਡੋਲਤਾ ਵਿਚ ਮੈਂ ਮਗਨ ਰਹਿੰਦਾ ਹਾਂ।੧।

**ਬਾਹ ਪਕਰਿ ਕਢਿ ਲੀਨੇ ਅਪੁਨੇ, ਗ੍ਰਿਹ ਅੰਧ ਕੂਪ ਤੇ ਮਾਇਆ ॥**
**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥**
**(ਪੰਨਾ 1218-1219)**

Taking me by the arm, You lifted me up, out of the deep dark pit of household and Maya. Says Nanak, the Guru has broken my bonds, and ended my separation ; He has united me with God. ||2||51||74||

ਹੇ ਭਾਈ! (ਪ੍ਰਮਾਤਮਾ) ਆਪਣੇ (ਸੇਵਕਾਂ) ਦੀ ਬਾਂਹ ਫੜ ਕੇ ਉਨ੍ਹਾਂ ਨੂੰ ਮਾਇਆ ਦੇ (ਮੋਹ ਦੇ) ਅੰਨ੍ਹੇ ਖੂਹ ਵਿਚੋਂ ਅੰਨ੍ਹੇ ਘਰ ਵਿਚੋਂ ਕੱਢ ਲੈਂਦਾ ਹੈ। ਹੇ ਨਾਨਕ! ਆਖ ਗੁਰੂ ਨੇ (ਜਿਸ ਮਨੁੱਖ ਦੀਆਂ ਮਾਇਆ ਦੇ ਮੋਹ ਵਿਚ) ਫਾਹੀਆਂ ਕੱਟ ਦਿੱਤੀਆਂ, (ਪ੍ਰਭੂ ਚਰਨਾਂ ਤੋਂ) ਵਿਛੁੜਦੇ ਉਸ ਨੂੰ ਲਿਆ ਕੇ (ਪ੍ਰਭੂ ਦੇ ਚਰਨਾਂ ਵਿਚ) ਮੇਲ ਦਿੱਤਾ। ੨।੫੧।੭੪।

# ਗੁਰਬਾਣੀ ਕੀਰਤਨ ਦੀਆਂ ਸੀ .ਡੀਜ਼ .

ੴ

## ਭਜਹੁ ਗੋਬਿੰਦ

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ





➢ ਭਜਹੁ ਗੋਬਿੰਦ ➢ ਕ੍ਰਿਪਾ ਨਿਧਿ

➢ ਸਾਹਿਬ ਨਿਤਾਣਿਆ ਕਾ ਤਾਣ ➢ ਮੇਰੇ ਸਾਹਿਬਾ


**DR. JAGIR SINGH**
# 422, Sector 15-A, Chandigarh
Tel.: 0172-2772660 Cell: 098140 53630
e-mail: drjagirsingh@gmail.com

ੴ

## ਬਾਬੀਹਾ ਅੰਮ੍ਰਿਤ ਵੇਲੇ ਬੋਲਿਆ

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ





➢ ਬਾਬੀਹਾ ਅੰਮ੍ਰਿਤ ਵੇਲੇ ਬੋਲਿਆ ➢ ਕਉਨ ਜਾਨੇ ਪੀਰ ਪਰਾਈ

➢ ਸਾਜਨ ਦੇਸ ਵਿਦੇਸੀਅੜੇ ➢ ਮੇਰੇ ਭਾਈ ਜਨਾ


**DR. JAGIR SINGH**
# 422, Sector 15-A, Chandigarh
Tel.: 0172-2772660 Cell: 098140 53630
e-mail: drjagirsingh@gmail.com

ੴ

## ਜਿਉ ਰਾਖਹਿ ਤਿਉ ਰਹਿਐ

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ





➢ ਜਿਉ ਰਾਖਹਿ ਤਿਉ ਰਹਿਐ ➢ ਮਨੁ ਨ ਰਹੈ ਕੈਸੇ

➢ ਮੇਰੀ ਮਤਿ ਬਾਉਰੀ ਮੈ ➢ ਤੁਝ ਬਿਨੁ ਕਵਨੁ ਹਮਾਰਾ


**DR. JAGIR SINGH**
# 422, Sector 15-A, Chandigarh
Tel.: 0172-2772660 Cell: 098140 53630
e-mail: drjagirsingh@gmail.com

ੴ

## ਕਰਿ ਕਿਰਪਾ ਮੇਲਹੁ ਰਾਮ

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ





➢ ਮੇਰੇ ਪ੍ਰੀਤਮਾ ➢ ਕਰਿ ਕਿਰਪਾ ਮੇਲਹੁ ਰਾਮ ➢ ਮਿਤ੍ਰ ਪਿਆਰੇ ਨੂੰ

**DR. JAGIR SINGH**
# 422, Sector 15-A, Chandigarh
Tel.: 0172-2772660 Cell: 098140 53630
e-mail: drjagirsingh@gmail.com

ੴ

## ਪੂਤਾ ਮਾਤਾ ਕੀ ਆਸੀਸ

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

➢ ਪੂਤਾ ਮਾਤਾ ਕੀ ਆਸੀਸ

➢ ਕਿਆ ਨਾਹੀ ਘਰਿ ਤੇਰੇ

➢ ਠਾਕੁਰ ਹੋਇ ਆਪ ਦਇਆਲ

➢ ਅਪਨੇ ਸਤਿਗੁਰ ਕੈ ਬਲਿਹਾਰੈ





**DR. JAGIR SINGH**
# 422, Sector 15-A, Chandigarn
Tel.: 0172-2772660 Cell: 098140 53630
e-mail: drjagirsingh@gmail.com

Postal Regd. No. PB (0045)2006 RNI Regd. No. 46788/89 ISSN 0972-2335

